# ਮੁਕਾਬਲਾ

ਉਸਦੀਆਂ ਗੱਲਾਂ ਸਮਝ ਤੋਂ ਪਰ੍ਹੇ ਹਨ, ਕਿ ਨਹੀਂ ਹਨ? ਸਾਡਾ ਪ੍ਰਭੂ ਨਿਰਾਲਾ ਹੈ।ਉਹਦੇ ਤੇ ਭਰੋਸਾ ਕਰਨਾ ਕਿਨ੍ਹਾਂ ਹੀ ਮਧੁਰ ਹੈ। ਮੇਰਾ ਵਿਸ਼ਵਾਸ ਹੈ ਅੱਜ ਰਾਤ ਤੁਸੀਂ ਬਹੁਤ ਚੰਗਾ ਸਮਾਂ ਵਤੀਤ ਕੀਤਾ ਹੈ। ਕੁੱਝ ਪਲ ਪਹਿਲਾਂ ਜਦੋਂ ਮੈਂ ਉਸ ਦਰਵਾਜ਼ੇ ਨੂੰ ਖੋਲਿਆ ਤਾਂ ਭੈਣ ਗਰੇਟੀ ਨੂੰ ਗੀਤ ਗਾਉਂਦੇ ਸੁਣਿਆ, *ਵਿਸ਼ਵਾਸ ਨੂੰ ਫੜੀ ਰਖੋ, ਇੱਕ ਘੜੀ ਹੋਰ*, ਇਹ ਸੁਣ ਕੇ ਮੈਨੂੰ ਉਹਨਾਂ ਦਿਨਾਂ ਦੀ ਯਾਦ ਆਈ ਜਦੋਂ ਮੇਰਾ ਅਰਾਧਨਾ ਭਵਨ ਛੋਟਾ ਸੀ ਅਤੇ ਮੈਂ ਸੇਵਕਾਈ ਦੇ ਕੰਮ ਲਈ ਬਾਹਰ ਚਲਾ ਗਿਆ ਸੀ। ਇਸ ਪੁਰਾਣੀ ਬਡੇਰੀ ਦੇ ਉਸ ਪਾਰ ਮੈਂ ਉਸ ਤਸਵੀਰ ਨੂੰ ਵੇਖ ਰਿਹਾ ਹਾਂ ਜਿਸਦਾ ਵਿਸ਼ਾ “ਪਹਿਲਾਂ ਪ੍ਰਮੇਸ਼ਰ ਦੀ ਭਾਲ ਕਰੋ” ਮੈਨੂੰ ਯਾਦ ਹੈ ਭਾਈ ਸੈਮੀ ਡੇਵਿਡਸਨ ਨੇ 25 ਸਾਲ ਪਹਿਲਾਂ ਇਸ ਤਸਵੀਰ ਨੂੰ ਉਥੇ ਬਣਾਇਆ ਸੀ। ਦੂੱਜੇ ਪਾਸੇ ਮੈਨੂੰ ਲਗਦਾ ਹੈ ਇਹ ਤਸਵੀਰ ਹੈ, “ਤੁਸੀਂ ਅਨੰਤਾ ਕਿੱਥੇ ਵਤੀਤ ਕਰੋਗੇ? ਸੋਚੋ!” ਅਤੇ ਠੀਕ *ਇੱਥੇ* “ਔਰਤ ਪਾਣੀ ਦੇ ਖੂਹ ਤੇ” ਅਤੇ “ਦਾਨਿਏਲ ਸ਼ੇਰਾਂ ਦੀ ਗੁਫ਼ਾ ਵਿੱਚ” ਤਸਵੀਰਾਂ ਹਨ। ਔਹ ਮੇਰੇ ਪ੍ਰਭੂ! ਉਦੋਂ ਤੋਂ ਲੈ ਕੇ ਕਿਨਾ ਕੁੱਝ ਵਾਪਰਿਆ ਹੈ।

2 ਅੱਜ ਦੁਪਹਿਰ ਨੂੰ ਲਗਭਗ ਪੰਜ ਵੱਜੇ ਤੀਹ ਚਾਲੀ ਮੀਲ ਦੂਰੋਂ ਇੱਕ ਔਰਤ ਦੀ ਸੂਚਨਾ ਮਿਲੀ ਜੋ ਕੀ ਮਰਣ ਦੀ ਹਾਲਤ ਵਿੱਚ ਸੀ, ਅਤੇ ਬਹੁਤ ਹੀ ਅਨਮੋਲ ਦੋਸਤ ਜੋਰਜੀ ਕਾਰਟਰ ਦੀ ਮਾਂ ਸੀ। ਮੈਨੂੰ ਪਤਾ ਸੀ ਕਿ ਜਦੋਂ ਤੱਕ ਮੈਂ ਮੁੜ ਕੇ ਆਵਾਂ ਸਭਾ ਦੀ ਕਾਰਵਾਈ ਲਈ ਇੱਥੇ ਸੇਵਕ ਮੌਜੂਦ ਹਨ। ਏਡਿਥ ਦੀ ਹਾਲਤ ਠੀਕ ਨਹੀਂ ਸੀ। ਜਦੋਂ ਅਸੀਂ ਉੱਥੇ ਸੀ ਤਾਂ ਪ੍ਰਭੂ ਦ੍ਰਿਸ਼ ਤੇ ਆਇਆ ਅਤੇ ਭੈਣ ਕਾਰਟਰ ਨੂੰ ਮੌਤ ਤੋਂ ਬਚਾ ਲਿਆਇਆ। ਅਸੀਂ ਪ੍ਰਭੂ ਦੇ ਬਹੁਤ ਹੀ ਧੰਨਵਾਦੀ ਹਾਂ।

3 ਹੁਣ ਪ੍ਰਭੂ ਭੋਜ ਲੈਣ ਦਾ ਵੀ ਸਮਾਂ ਨੇੜੇ ਆ ਰਿਹਾ ਹੈ ਮੈਨੂੰ ਲਗਦਾ ਹੈ 12 ਵਜੇ ਉਸਨੂੰ ਸ਼ੁਰੂ ਕਰਾਂਗੇ।ਇਸਨੂੰ ਲੈਣ ਲਈ ਕਿਨੇ ਵਜੇ ਦਾ ਸਮਾਂ ਠਿਹਰਾਈਆਂ ਹੈ? [ਭਾਈ ਨੈਵਿਲ ਕਹਿੰਦੇ ਹਨ, “ਕਿਸੇ ਵੀ ਸਮੇਂ, ਹੁਣ ਤੋਂ ਲੈ ਕੇ ਸਾਢੇ 11 ਦੇ ਵਿੱਚ”-ਸੰਪਾ] ਕਿਸੇ ਵੀ ਸਮੇਂ ਅਸੀਂ...ਕਿੰਨੇ ਲੋਕ ਅੱਜ ਰਾਤ ਪ੍ਰਭੂ ਭੋਜ ਲੈਣ ਵਾਲੇ ਹਨ, ਆਪਣੇ ਹੱਥ ਉਪਰ ਚੱਕ ਸਕਦੇ ਹੋ। ਅਸੀਂ ਦੇਖਣਾ ਚਹੁੰਦੇ ਹਾਂ। ਔਹ ਇਹ ਕਿੰਨਾ ਨਿਰਾਲਾ ਹੈ। ਠੀਕ ਹੈ, ਮੈਂ ਕੁੱਝ ਸ਼ਬਦਾਂ ਨੂੰ ਬੋਲਣਾ ਚਾਹੁੰਦਾ ਹਾਂ। ਮੈਂ ਆਪਣੀ ਘੜੀ ਨੂੰ ਸਾਹਮਣੇ ਰਖਾਂਗਾ ਕੁੱਝ ਦੱਸ ਪੰਦਰਾ ਮਿੰਟ ਲਈ,

ਅਤੇ ਫਿਰ ਪ੍ਰਭੂ ਭੋਜ ਸ਼ੁਰੂ ਕਰਾਂਗੇ।ਹੁਣ, ਕਿ ਤੁਸੀਂ ਉਸਨੂੰ ਪ੍ਰੇਮ ਕਰਦੇ ਹੋ? [ਸਭਾ ਕਹਿੰਦੀ ਹੈ “ਆਮੀਨ”—] ਆਮੀਨ। ਮੈਨੂੰ ਪਤਾ ਹੈ ਤੁਸੀਂ ਤੁਸੀਂ ਬਹੁਤ ਚੰਗਾ ਸਮਾਂ ਵਤੀਤ ਕੀਤਾ ਹੈ, ਕਿ ਇੰਜ ਨਹੀਂ?

4 ਠੀਕ ਹੈ, ਜੇ ਭਾਈ ਥੋਮਸ ਕਿੱਡ ਅਤੇ ਭੈਣ ਕਿੱਡ ਜਿਹੜੇ ਔਹਾਇਓ ਤੋਂ ਆਏ ਹਨ ਇੱਥੇ ਨਹੀਂ ਹਨ ਤਾਂ ਉਹ ਉਪਰ ਹੋਣਗੇ। ਔਹ ਇਹ ਠੀਕ ਹੈ, ਮੈਨੂੰ ਵਿਸ਼ਵਾਸ ਹੈਂ ਹੁਣ ਜੋ ਵਚਨ ਪ੍ਰਚਾਰ ਹੋ ਰਿਹਾ ਹੈ ਉਸਦੀ ਟੇਪ ਰਿਕਾਡ ਹੋ ਰਹੀ ਹੈ। ਤੁਹਾਨੂੰ ਪਤਾ ਹੈ, ਉਹ ਕਦੇ ਹਾਰ ਨਹੀਂ ਮੰਨਦੇ। ਉਹਨਾਂ ਦੀ ਉਮਰ ਸੋ ਵਰ੍ਹੇ ਦੀ ਹੋਣ ਤੋਂ ਕੁੱਝ ਹੀ ਦਿਨ ਬਾਕੀ ਹਨ, ਪਰ ਜਦੋਂ ਮੈਂ ਇਹੋ ਜੇ ਲੋਕ ਵੇਖਦਾਂ ਹਾਂ ਤਾਂ ਮੈਨੂੰ ਬਹੁਤ ਹੀ ਹਿੰਮਤ ਮਿਲਦੀ ਹੈ। ਮੈਨੂੰ ਲਗਦਾ ਹੈ ਮੈਂ ਬੁੱਢਾ ਹੋ ਰਿਹਾ ਅਤੇ ਮੇਰੇ ਜਨਮ ਤੋਂ ਪਹਿਲਾਂ ਇਹ ਲੋਕ ਪ੍ਰਚਾਰ ਕਰ ਰਹੇ ਹਨ ਅਤੇਇੱਥੇ ਮੈਂ ਇੱਕ ਬੁੱਢਾ ਵਿਅਕਤੀ ਹਾਂ, ਅਤੇ ਇਹ ਲੋਕ ਹੁਣ ਪ੍ਰਚਾਰ ਤਾਂ ਨਹੀਂ ਕਰ ਸਕਦੇ ਪਰ ਟੇਪ ਰਿਕਾਰਡਰ ਲੈ ਕੇ ਘਰ ਘਰ ਅਤੇ ਹਸਪਤਾਲਾਂ ਵਿੱਚ ਜਾ ਕੇ ਪ੍ਰਚਾਰ ਕਰਦੇ ਹਨ ਇਹ ਬਹੁਤ ਹੀ ਨਿਰਾਲਾ ਹੈ ਆਮੀਨ। ਮੈਂ ਉਹਨਾਂ ਲਈ ਅਤੇ ਇਹ ਸਾਰੇ ਲੋਕ ਜੋ ਇੱਥੇ ਬੈਠੇ ਵਚਨ ਸੁਣ ਰਹੇ ਹਨ ਬਹੁਤ ਖੁਸ਼ ਹਾਂ।

5 ਹੁਣ ਯਾਦ ਰਖਣਾ, ਜੇ ਪ੍ਰਭੂ ਦੀ ਇੱਛਾ ਹੋਈ ਤਾਂ ਇਸ ਸਭਾ ਦੇ ਅੰਤ ਵਿੱਚ ਅਸੀਂ ਅਗਲੀ ਸਭਾਵਾਂ ਦੀ ਮਿਤੀ ਦਸਾਂਗੇ ਜੋ ਉਹਨਾਂ ਨੇ ਦੱਸ ਫਰਵਰੀ ਨੂੰ ਠੇਹਰਾਈ ਹੈ। ਜੇ ਪ੍ਰਭੂ ਦੀ ਇੱਛਾ ਹੋਈ ਤਾਂ ਅਸੀਂ ਘੱਟ ਤੋਂ ਘੱਟ ਅੱਠ ਦੱਸ ਦਿਨ ਜਾਂ ਦੋ ਹਫ਼ਤੇ ਦਾ ਸਮਾਂ ਲਵਾਂਗੇ ਉਹਨਾਂ *ਸੱਤਾਂ ਮੋਹਰਾਂ ਦਾ ਪ੍ਰਕਾਸ਼ਨ* ਨੂੰ ਪ੍ਰਚਾਰ ਕਰਨ ਲਈ। ਅਤੇ ਇਸ ਤੋਂ ਪਹਿਲਾਂ, ਜਿਹੜੇ ਲੋਕ ਉੱਥੇ ਆਉਣ ਵਾਲੇ ਹਨ ਉਹਨਾਂ ਲਈ ਅਸੀਂ ਕਾਰਡ ਦੇ ਕੇ ਮਿਤੀ ਦਸ ਦਿਆਂਗੇ। ਤਾਂ ਜੋ ਉਹ ਲੋਕ ਜਿਹੜੇ ਆਉਣਾ ਚਾਹੁੰਦੇ ਹਨ ਉਹਨਾਂ ਨੂੰ ਪਹਿਲਾਂ ਪਤਾ ਲਗੇ ਅਤੇ ਜੇ ਉਹ ਆਉਣਾ ਚਹੁੰਦੇ ਹਨ ਤਾਂ ਆ ਸਕਦੇ ਹਨ ਤੁਹਾਨੂੰ ਉੱਥੇ ਸਭਾ ਵਿੱਚ ਵੇਖ ਸਾਨੂੰ ਬਹੁਤ ਖੁਸ਼ੀ ਹੋਵੇਗੀ। ਅਤੇ ਹੋ ਸਕਦਾ ਹੈ ਪਰਮੇਸ਼ਰ ਫਿਰ ਉਸਦੀ ਹਜ਼ੂਰੀ ਸਾਡੇ ਵਿੱਚ ਦਿਖਾਵੇ ਜਿਵੇਂ ਉਸਨੇ ਪਹਿਲਾਂ ਕੀਤਾ ਜਦੋਂ ਅਸੀਂ *ਸੱਤ ਕਲਿਸਿਆਂ ਯੁੱਗ* ਸੰਦੇਸ਼ ਪ੍ਰਚਾਰ ਕੀਤਾ ਸੀ।

6 ਜੇ ਤੁਸੀਂ ਕਿਸੇ ਲਈ ਪ੍ਰਾਰਥਨਾ ਕਰਨਾ ਚਹੁੰਦੇ ਹੋ ਤਾਂ ਮੈਨੂੰ ਪ੍ਰਾਰਥਨਾ ਵਿੱਚ ਯਾਦ ਰਖਣਾ, ਮੈਨੂੰ ਪ੍ਰਾਰਥਨਾ ਦੀ ਲੋੜ ਹੈ। ਸ਼ੁਰੂਆਤ ਕਰਨ ਤੋਂ ਪਹਿਲਾਂ ਇੱਥੇ ਦੱਸ ਪੰਦਰਾਂ ਮਿੰਟ ਲੈ ਕੇ ਮੈਨੂੰ ਸ਼ਰਮਿੰਦਗੀ ਮਹਸੂਸ ਹੋ ਰਹੀ ਹੈ। ਪਰ ਆਉਕੁੱਝ ਪਲਾਂ ਲਈ ਅਸੀਂ ਆਪਣੇ ਸਿਰਾਂ ਨੂੰ ਝੁਕਾਈਏ।

7 ਔਹ ਪਰਮੇਸ਼ਰ, ਕਿਸੇ ਦਿਨ ਇਹ ਲੜਾਈ ਖ਼ਤਮ ਹੋ ਜਾਵੇਗੀ, ਅਤੇ ਫਿਰ ਉੱਥੇ ਕੋਈ ਵੀ ਬੀਮਾਰ ਪ੍ਰਾਰਥਨਾ ਲਈ ਨਹੀਂ ਹੋਵੇਗਾ ਅਤੇ ਕੋਈ ਵੀ ਪਾਪੀ

ਪਸ਼ਚਾਤਾਪ ਲਈ ਨਹੀਂ ਹੋਵੇਗਾ। ਪਰ ਪਿਤਾ, ਜਦੋਂ ਤੱਕ ਇਹ ਦਿਨ ਹੈ, ਹੋਣ ਦੇ ਕੀ ਜਦੋਂ ਤੱਕ ਰੋਸ਼ਨੀਂ ਹੈ ਅਸੀਂ ਉਸ ਕੰਮ ਨੂੰ ਕਰੀਏ, ਕਿਉਂ ਜੋ ਉਹ ਘੜੀ ਆ ਰਹੀ ਹੈ ਜਦੋਂ ਕੋਈ ਵੀ ਮਨੁੱਖ ਕੰਮ ਨਹੀਂ ਕਰ ਪਵੇਗਾ। ਹੁਣ, ਕੁੱਝ ਪਲਾਂ ਲਾਈ, ਪ੍ਰਭੂ, ਮੈਨੂੰ ਬੁਰਾ ਲਗੇਗਾ ਜੇ ਮੈਂ ਇਸ ਸਾਲ ਦੀ ਸਮਾਪਤੀ ਬਿਨਾਂ ਕੁੱਝ ਵਚਨ ਪ੍ਰਚਾਰ ਕੀਤੇ ਕਰਾਂ। ਪਿਤਾ ਮੇਰੀ ਮਦਦ ਕਰ ਤਾਂ ਜੋ ਮੈਂਵਚਨ ਪ੍ਰਚਾਰ ਕਰਾਂ ਜੋ ਤੇਰੇ ਲੋਕਾਂ ਦੇ ਹਿਰਦੇ ਵਿੱਚ ਹਿੰਮਤ ਵਧਾਵੇ। ਤਾਂ ਜੋ ਅੱਜ ਰਾਤ ਅਸੀਂ ਪ੍ਰਭੂ ਭੋਜ ਲੈਣ ਤੋਂ ਬਾਅਦ ਇਹ ਮਹਸੂਸ ਕਰੀਏ ਕਿ ਪ੍ਰਭੂ ਭੋਜ ਵਿੱਚ ਤਾਕਤ ਹੈ। ਇਸਰਾਇਲ ਨੇ ਪਹਲੀ ਵਾਰ ਪ੍ਰਭੂ ਭੋਜ ਮਿਸਰ ਵਿੱਚ ਲਿਆ ਅਤੇ ਫਿਰ ਚਾਲੀ ਸਾਲ ਤੱਕ ਬਿਨਾਂ ਜੁੱਤੀ ਜਾਂ ਫੱਟੇ ਪੁਰਾਣੇ ਕੱਪੜੇ। ਅਤੇ ਜਦੋਂ ਉਹ ਜੰਗਲ ਵਿਚੋਂ ਬਾਹਰ ਆਏ, ਦੱਸ ਲੱਖ ਲੋਕਾਂ ਦੇ ਵਿਚੋਂ ਇੱਕ ਵੀ ਵਿਅਕਤੀ ਕਮਜ਼ੋਰ ਨਹੀਂ ਸੀ। ਪ੍ਰਭੂ, ਅੱਜ ਰਾਤ ਜਿਵੇਂ ਉਹ ਮਹਾਨ ਘੜੀ ਆ ਰਹੀ ਹੈ ਅਸੀਂ ਇਸਨੂੰ ਯਾਦ ਰਖੀਏ। ਪ੍ਰਾਰਥਨਾ ਯਿਸੂ ਮਸੀਹ ਦੇ ਨਾਮ ਵਿੱਚ ਮੰਗਦੇ ਹਾਂ, ਆਮੀਨ।

8 ਉਸ ਵਿਸ਼ੇਤੇ ਬੋਲਾਂ ਜੋ ਮੈਂ ਇੱਥੇ ਲਿਖਿਆ ਹੈ ਜਿਸਨੂੰ ਮੈਂ ਅੱਜ ਦੁਪਹਿਰ ਸ਼ੁਰੂ ਕਰਨ ਜਾ ਰਿਹਾ ਸੀ ਤਾਂ ਸਾਨੂੰ ਇੱਥੇ ਸਾਨੂੰ ਸਵੇਰੇ ਪੰਜ ਵੱਜੇ ਹੋਣਾ ਚਾਹੀਦਾ ਹੈ। [ਕੋਈ ਕਹਿੰਦਾ ਹੈ, "ਠੀਕ ਹੈ"—ਸੰਪਾ] ਪਰ ਮੈਂ ਵਚਨ ਨੂੰ ਪੜ੍ਹਨਾ ਚਾਹੁੰਦਾ ਹਾਂ...["ਇਹ ਠੀਕ ਹੋਵੇਗਾ."] ਧੰਨਵਾਦ।ਅਫਸੀਆਂ 6 ਬਾਬ ਉਸਦਾ 12 ਵਚਨ, ਕੁੱਝ ਪਲਾਂ ਲਈ ਹਿੰਮਤ ਦੇਣ ਲਈ।

> *ਕਿਉਂ ਜੋ ਸਾਡੀ ਲੜਾਈ ਲਹੂ ਅਤੇ ਮਾਸ ਨਾਲ ਨਹੀਂ ਸਗੋਂ ਹਕੂਮਤਾਂ, ਇਖਤਿਆਰਾਂ ਅਤੇ ਇਸ ਅੰਧਘੋਰ ਦੇ ਮਹਾਰਾਜਿਆਂ ਅਤੇ ਦੁਸ਼ਟ ਆਤਮਿਆਂ ਨਾਲ ਹੁੰਦੀ ਹੈ ਜੋ ਸੁਵਰਗੀ ਥਾਵਾਂ ਵਿੱਚ ਹਨ।*

9 "ਦੁਸ਼ਟ ਆਤਮਾਵਾਂ ਜੋ ਸਵਰਗੀ ਥਾਵਾਂ ਵਿੱਚ ਹਨ।" ਮੈਂ ਕੁੱਝ 10 ਜਾਂ 15 ਮਿੰਟਾਂ ਲਈ ਬੋਲਣਾ ਚਾਹੁੰਦਾ ਹਾਂ ਜਿਸਦਾ ਵਿਸ਼ਾ *ਮੁਕਾਬਲਾ* ਹੈ। ਇੱਕ ਮੁਕਾਬਲਾ ਤਾਕਤ ਦਾ ਪਰਖਿਆ ਜਾਣਾ ਹੈ।ਅਤੇ ਜਿਥੇ ਸਾਡੀ ਤਾਕਤ ਨੂੰ ਪਰਖਿਆ ਜਾਂਦਾ ਹੈ। ਸਾਡੇ ਕੋਲ ਹੁੰਦਾ...ਭਾਰਤੀ ਲੋਕ ਅੱਗ ਬਾਲਦੇ ਸੀ, ਅਤੇ ਰੱਸੀ ਖਿਚਣ ਲਈ ਕੁੱਝ ਲੋਕਾਂ ਨੂੰ ਰੱਸੀ ਦੇ *ਇੱਕ* ਪਾਸੇ ਅਤੇ ਕੁੱਝ ਲੋਕਾਂ ਨੂੰ ਰੱਸੀ ਦੇ *ਦੂਜੇ* ਪਾਸੇ ਰਖ ਕੇ ਤਾਕਤ ਨੂੰ ਪਰਖਦੇ ਦੇ ਸੀ ਦੂਜੇ ਪਾਸੇ ਦੇ ਲੋਕਾਂ ਨੂੰ ਅੱਗ ਵਲ ਖਿਚਣ। ਅਤੇ ਅਸੀਂ ਜਾਣਦੇ ਹਾਂ ਉੱਥੇ ਬਹੁਤ ਸਾਰੀਆਂ ਚੀਜਾਂ ਹਨ, ਅਤੇ ਕੁੱਝ ਪਲਾਂ ਲਈ ਅਸੀਂ ਇਸਨੂੰ ਮੁਕਾਬਲੇ ਤੇ ਰਖਣਾ ਚਹੁੰਦੇ ਹਾਂ। ਅਤੇ ਹੁਣ ਮੈਂ ਉਸ ਮਹਾਨ ਮੁਕਾਬਲੇ ਤੇ ਬੋਲਣਾ ਚਾਹੁੰਦਾ ਹਾਂ ਜੋ ਕਲਿਸਿਆ

ਅਤੇ ਸ਼ਤਾਨ ਦੇ ਵਿੱਚ ਹੈ। ਸ਼ਤਾਨ ਦੀ ਮਹਾਨ ਤਾਕਤ ਅਤੇ ਅਸੀਂ ਪਰਮੇਸ਼ਰ ਦੀ ਮਹਾਨ ਤਾਕਤ ਦੇ ਬਾਰੇ ਗੱਲ ਕਰਨਾ ਚਾਹੁੰਦੇ ਹਾਂ ਜੋ ਉਸਦੀ ਕਲਿਸਿਆ ਵਿੱਚ ਹੈ।

10 ਹੁਣ, ਇਹ ਮਹਾਨ ਮੁਕਾਬਲਾ ਜੋ ਇੰਨੇ ਸਾਲਾਂ ਤੋ ਚਲਦਾ ਆ ਰਿਹਾ ਹੈ। ਇਹ ਸਵਰਗ ਵਿੱਚ ਸ਼ੁਰੂ ਹੋਇਆ ਅਤੇ ਸ਼ਤਾਨ ਨੂੰ ਲੱਤ ਮਾਰ ਕੇ ਧਰਤੀ ਤੇ ਸੁਟਿਆ ਅਤੇ ਫਿਰ ਉਹ ਪਰਮੇਸ਼ਰ ਦੇ ਲੋਕਾਂ ਦਾ ਦੁਸ਼ਮਨ ਬਣ ਗਿਆ। ਫਿਰ ਉਦੋਂ ਤੋ ਲੈ ਕੇ ਉਸਨੇ ਆਪਣਾ ਪੂਰਾ ਜ਼ੋਰ ਲਾਇਆ ਤਾਂ ਜੋ ਉਹ ਪਰਮੇਸ਼ਰ ਦੇ ਲੋਕਾਂ ਨੂੰ ਅੱਗ ਵਿੱਚ ਖਿੱਚੇ ਜਾਂ ਉਸਦੀ ਅੱਗ ਵਿੱਚ ਖਿੱਚੇ।

11 ਹੁਣ ਅਸੀਂ ਜਾਂਦੇ ਹਾਂ ਕਿ ਕਿਹਦੇ ਕੋਲ ਜਿਆਦਾ ਤਾਕਤ ਹੈ, ਪਰਮੇਸ਼ਰ ਕੋਲ।ਅਤੇ ਪਰਮੇਸ਼ਰ, ਸਭ ਤੋਂ ਵਧਿਆ ਚੀਜ਼ ਜੋ ਉਸਨੇ ਆਪਣੇ ਲੋਕਾਂ ਨੂੰ ਦਿੱਤੀ ਤਾਂ ਜੋ ਸ਼ਤਾਨ ਦਾ ਸਾਮਣਾ ਕਰੇ, ਉਹ ਪਰਮੇਸ਼ਰ ਦਾ ਵਚਨ ਹੈ। ਕਿਓਂ ਜੋ ਪਰਮੇਸ਼ਰ ਵਚਨ ਹੈ ਅਤੇ ਪਰਮੇਸ਼ਰ ਤੋਂ ਤਾਕਤਵਰ ਕੋਣ ਹੋ ਸਕਦਾ ਹੈ? ਇਸ ਕਰਕੇ ਪਰਮੇਸ਼ਰ ਵਚਨ ਹੈ ਅਤੇ ਵਚਨ ਸਾਡੀ ਤਾਕਤ ਹੈ। ਪਰਮੇਸ਼ਰ ਕਲਿਸਿਆ ਦੇ ਅੰਦਰ ਸਾਡੀ ਤਾਕਤ ਬਣਿਆ ਤਾਂ ਜੋ ਸ਼ਤਾਨ ਨੂੰ ਉਸਦੀ ਹੀ ਅੱਗ ਵਿੱਚ ਖਿੱਚੇ।ਅਤੇ ਖਿੱਚਾ ਤਾਨੀ ਚਲਦੀ ਰਹਿੰਦੀ ਹੈ। ਮਰਕੁਸ 16 ਵਿੱਚ ਯਿਸੂ ਨੇ ਕਿਹਾ, “ਮੇਰੇ ਨਾਮ ਵਿੱਚ ਉਹ ਦੁਸ਼ਟ ਆਤਮਾਵਾਂ ਨੂੰ ਕਢਣਗੇ।”

12 ਹੁਣ, ਮੈਨੂੰ ਪਤਾ ਹੈ ਪਹਿਲਾਂ ਇਹ ਕਿਹਾ ਜਾਂਦਾ ਸੀ ਕਿ ਲੋਕ…ਪਰ ਅੱਜ ਦੇ ਦਿਨਾਂ ਵਿੱਚ ਲੋਕ ਦੁਸ਼ਟ ਆਤਮਾਵਾਂ ਤੇ ਵਿਸ਼ਵਾਸ ਨਹੀਂ ਕਰਦੇ। ਪਰ ਮੇਰੀ ਸਲਾਹ ਹੈ ਕਿ ਆਪਣੇ ਦੁਸ਼ਮਣ ਨੂੰ ਜਾਣੋ। ਆਪਣੇ ਦੁਸ਼ਮਣ ਨੂੰ ਜਾਣੋ ਅਤੇ ਉਸ ਲੜਾਈ ਲਈ ਤਿਆਰੀ ਕਰੋ ਹੋ ਉਸਨੂੰ ਮਿਲਣ ਤੇ ਹੋਵੇਗੀ, ਕਿਓਂਕਿ ਤੁਸੀ ਉਸਨੂੰ ਮਿਲਣ ਵਾਲੇ ਹੋ। ਉਸਨੂੰ ਜਾਣੋ…ਉਸਦੀ ਤਾਕਤ ਨੂੰ ਜਾਣੋ ਅਤੇ ਫਿਰ ਉਸ ਮੁਕਾਬਲੇ ਲਈ ਤਿਆਰੀ ਕਰੋ ਜੋ ਉਸਨੂੰ ਮਿਲਣ ਤੇ ਹੋਣ ਵਾਲਾ ਹੈ। ਇਹ ਤਾਂ ਗੱਲ ਪੱਕੀ ਹੈ ਕਿ ਤੁਹਾਡਾ ਉਸਦੇ ਨਾਲ ਮੁਕਾਬਲਾ ਹੋਣਾ ਹੈ ਇਸ ਕਰਕੇ ਉਸ ਮੁਕਾਬਲੇ ਲਈ ਤਿਆਰੀ ਕਰੋ।

13 ਉਸ ਮੁਕਾਬਲੇ ਦੀ ਤਿਆਰੀ ਕਰਨਾ ਇੱਕ ਮੁਕ੍ਕੇਬਾਜ਼ ਵਾਂਗ ਹੈ। ਇੱਕ ਸੱਚਾ ਮੁਕ੍ਕੇਬਾਜ਼ ਆਪਣੇ ਦੁਸ਼ਮਣ ਨੂੰ ਜਿਸਦੇ ਨਾਲ ਉਹ ਮੁਕਾਬਲਾ ਕਰਣ ਵਾਲਾ ਹੈ ਪਹਿਲਾਂ ਉਸਦੇ ਬਾਰੇ ਚੰਗੀ ਤਰ੍ਹਾਂ ਜਾਣਦਾ ਹੈ। ਉਹ ਉਸਦੇ ਬਾਰੇ ਚੰਗੀ ਤਰ੍ਹਾਂ ਜਾਣਦਾ ਹੈ ਕਿ ਕਿੱਥੇ ਉਸਨੂੰ ਚੋਟ ਮਾਰਨੀ ਚਾਹੀਦੀ ਹੈ ਅਤੇ ਕਿਵੇਂ ਉਹ ਅੱਗੇ ਪੀਛੇ ਲੜਦਾ ਹੈ ਉਹ ਸੱਜੇ ਹਥ ਨਾਲ ਲੜਦਾ ਹੈ ਜਾਂ ਖਬੇ ਹਥ ਨਾਲ। ਉਹ ਸਭ ਕੁੱਝ ਇਸਦੇ ਬਾਰੇ ਜਾਣਦਾ ਹੈ।ਅਤੇ ਜੇ ਉਹ ਚੰਗਾ, ਚਲਾਕ ਮੁੱਕੇਬਾਜ਼ ਹੈ ਤਾਂ ਆਪਣੇ ਸਾਥੀ ਨੂੰ ਲੈ ਕੇ ਆਵੇਗਾ ਹੋ ਠੀਕ ਉਸਦੇ ਦੁਸ਼ਮਣ

ਵਾਂਗ ਲੜਦਾ ਹੈ ਇਹ ਜਾਣਨ ਲਈ ਕੀ ਉਸਨੂੰ ਕਿਥੇ ਚੋਟ ਮਾਰਨੀ ਚਾਹੀਦੀ ਹੈ ਜਦੋਂ ਉਸ ਮੁਕਾਬਲੇ ਲਈ ਜਾਵੇ।

14 ਅਤੇ ਮੈਨੂੰ ਲਗਦਾ ਹੈ ਇੱਕ ਮਸੀਹੀ ਲਈ ਇਹ ਸਭ ਤੋਂ ਚੰਗੀ ਗੱਲ ਹੈ। ਇਹ ਠੀਕ ਹੈ। ਜੇ ਤੁਸੀਂ ਆਪਣੇ ਅਭਿਆਸ ਨੂੰ ਸ਼ੁਰੂ ਕਰਣਾ ਚਾਹੁੰਦੇ ਹੋ ਤਾਂ ਯਹੁੰਨਾ 3:16 ਤੋਂ ਸ਼ੁਰੂ ਕਰੋ ਕਿ ਮੁੱਖ ਨਿਯਮ ਹਨ। ਠੀਕ ਉਥੋਂ ਸ਼ੁਰੂ ਕਰੋ ਅਤੇ ਉਹ ਤੁਹਾਨੂੰ ਦਸੇਗੀ ਕਿਵੇਂ ਜਮੀਨ ਤੇ ਸੁਟਣਾ ਹੈ।ਫਿਰ ਉਸ ਮਾਰ ਸੁਟਣ ਵਾਲੇ ਮੁੱਕੇ ਦਾ ਅਭਿਆਸ ਕਰੋ ਕਿਓਂਕਿ ਤੁਹਾਨੂੰ ਉਸਦੀ ਹੀ ਵਰਤੋ ਕਰਣੀ ਹੈ। ਹਰ ਕੋਈ ਜਾਣਦਾ ਹੈ। ਤੁਹਾਨੂੰ ਅਭਿਆਸ ਕਰਨਾ ਹੈ ਕਿਵੇ ਆਪਣੇ ਦੁਸ਼ਮਣ ਨੂੰ ਮਾਰਨਾ ਹੈ। ਅਤੇ ਪਰਮੇਸ਼ਰ ਹਮੇਸ਼ਾ ਹੀ ਆਪਣੇ ਵਚਨ ਦਾ ਇਸਤੇਮਾਲ ਕਰਦਾ ਹੈ। ਸਾਨੂੰ ਇਹ ਯਾਦ ਰਖਣਾ ਹੈ ਕਿ ਪਰਮੇਸ਼ਰ ਆਪਣੇ ਵਚਨ ਦਾ ਇਸਤੇਮਾਲ ਕਰਦਾ ਹੈ ਸ਼ਤਾਨ ਦਾ ਸਾਮਣਾ ਕਰਨ ਲਈ। ਜੇਕਰ ਪਰਮੇਸ਼ਰ ਸੋਚਦਾ ਜਾਂ ਆਪਣੇ ਆਪਣੇ ਲੋਕਾਂ ਨੂੰ ਦੁਸ਼ਮਣ ਦਾ ਮੁਕਾਬਲਾ ਕਰਣ ਲਈ ਵਧਿਆ ਚੀਜ਼ ਦਿੰਦਾ ਤਾਂ ਉਸਨੇ ਇਹ ਦਿੱਤਾ। ਇਸੇ ਲਈ ਮੈਂ ਹਮੇਸ਼ਾ ਹੀ ਕਿਹਾ ਹੈ “ਜਦੋਂ ਪਰਮੇਸ਼ਰ ਆਪਣੇ ਫੈਸਲੇ ਨੂੰ ਲੈਂਦਾ ਹੈ ਉਹ ਸਭ ਤੋਂ ਵਧਿਆ ਹੁੰਦਾ ਹੈ।” ਉਸਨੂੰ ਆਪਣੇ ਫੈਸਲੇ ਤੋਂ ਕਦੀ ਬਦਲਣਾ ਨਹੀਂ ਪਿਆ। ਪਹਿਲਾ ਫੈਸਲਾ ਪਰਮੇਸ਼ਰ ਨੇ ਅਦਨ ਵਿੱਚ ਆਪਣੇ ਲੋਕਾਂ ਨੂੰ ਦੁਸ਼ਮਣ ਦਾ ਸਮਾਣਾ ਕਰਣ ਲਈ ਦਿੱਤਾ, ਉਹ ਵਚਨ ਸੀ। ਉਹ ਪਰਮੇਸ਼ਰ ਦੇ ਵਚਨ ਨਾਲ ਮਜਬੂਤ ਹੋਏ।

15 ਅਤੇ ਹੁਣ, ਸ਼ਤਾਨ ਜਾਣੇਗਾ…ਸਾਡੀ ਰਣਨੀਤੀ ਨੂੰ ਵਚਨ ਨਾਲ। ਹਵਾ ਕੋਲ ਆਉਣ ਤੋਂ ਪਹਿਲਾਂ ਉਸਨੇ ਚੰਗੀ ਤਰ੍ਹਾਂ ਜਾਣਿਆ ਅਤੇ ਸਭ ਤੋਂ ਵਧਿਆ ਰਣਨੀਤੀ ਨੂੰ ਇਸਤੇਮਾਲ ਕਰੇ ਤਾਂ ਜੋ ਉਹ ਵਚਨ ਤੇ ਵਾਦ-ਵਿਵਾਦ ਕਰ ਸਕੇ। ਤੁਸੀਂ ਪਰਮੇਸ਼ਰ ਦੇ ਵਚਨਤੇ ਕਦੇ ਵੀ ਵਾਦ-ਵਿਵਾਦ ਨਾ ਕਰੋ, ਉਸਦਾ ਵਿਸ਼ਵਾਸ ਕਰੋ। ਉਸਦੀ ਵਿਆਖਿਆ ਕਰਣ ਦੀ ਕੋਸ਼ਿਸ਼ ਨਾ ਕਰੋ। ਉਸਨੂੰ ਸਮਝਣ ਦੀ ਕੋਸ਼ਿਸ਼ ਨਾ ਕਰੋ। ਤੁਸੀਂ ਪਰਮੇਸ਼ਰ ਨੂੰ ਸਮਝ ਨਹੀਂ ਸਕਦੇ, ਕਿਓਕੀ ਪਰਮੇਸ਼ਰ ਵਚਨ ਹੈ।ਅਤੇ ਉਸਤੇ ਸਿਰਫ਼ ਵਿਸ਼ਵਾਸ ਕਰਣਾ ਹੈ, ਅਤੇ ਉਹ ਹੀ ਸਾਡੀ ਤਾਕਤ ਹੈ, ਸਿਰਫ ਵਚਨ ਨੂੰ ਕਬੂਲ ਕਰੋ। ਜਿਵੇਂ ਜਾਣਦੇ ਹੋ ਬੀਜ ਸਹੀ ਜਮੀਨ ਤੇ ਹੀ ਆਪਣੇ ਫਲਾਂ ਨੂੰ ਲੈ ਕੇ ਆਵੇਗਾ। ਅਤੇ ਅਸੀਂ ਸਿਰਫ ਵਚਨ ਨੂੰ ਲੈਂਦੇ ਹਾਂ।

16 ਹੁਣ ਹਵਾ ਨੇ ਵਾਦ-ਵਿਵਾਦ ਕਰਨਾ ਬੰਦ ਕੀਤਾ ਹੈ। ਜਦੋਂ ਹਵਾ ਨੇ ਉਸਨੂੰ ਵਚਨ ਦਸਿਆ ਕਿ “ਪਰਮੇਸ਼ਰ ਨੇ ਆਖਿਆ, ‘ਤੁਸੀਂ ਉਸ ਫਲ ਨੂੰ ਨਹੀਂ ਖਾਣਾ ਹੈ, ਜਿਸ ਦਿਨ ਤੁਸੀਂ ਉਸਨੂੰ ਖਾਓਗੇ’, ਉਸੇ ਦਿਨ ਮਰ ਜਾਵੋਗੇ।”

17 ਸ਼ਤਾਨ ਉਸ ਗੱਲ ਤੇ ਨਾ ਸਹਿਮਤ ਨਹੀ ਸੀ। ਉਸਨੇ ਕਿਹਾ, “ਇਹ ਬਿਲਕੁਲ ਠੀਕ ਹੈ।” ਪਰ ਸ਼ਤਾਨ ਨੇ ਕਿਹਾ “ਤੂੰ ਵੇਖ ਤੈਨੂੰ ਨਵੇਂ ਚਾਨਣ ਦੀ

ਲੋੜ ਹੈ।" ਜੋ ਪਰਮੇਸ਼ਰ ਨੇ ਕਿਹਾ ਉਸ ਤੋਂ ਥੋੜਾ ਅਲਗ ਹੀ ਦਸਿਆ ਕਿ ਜੇ ਤੂੰ ਇਸ ਤਰ੍ਹਾਂ ਕਰੇਗੀ ਤੇਰੀ ਸਮਝ ਖੁੱਲ ਜਾਵੇਗੀ ਅਤੇ ਹੋਰ ਵੀ ਸਮਝਦਾਰ ਹੋ ਜਾਵੇਂਗੀ।

ਪਰ ਹਵਾ ਨੇ ਆਖਿਆ, "ਪਰਮੇਸ਼ਰ ਨੇ ਤਾਂ ਕਿਹਾ ਅਸੀਂ ਮਰ ਜਾਵਾਂਗੇ।"

18 ਅਤੇ ਸ਼ਤਾਨ ਨੇ ਕਿਹਾ, "ਔਹ ਬਿਲਕੁਲ...", ਸਮਝੇ ਉਹ ਇਨ੍ਹਾਂ ਨੇੜੇ ਆਉਂਦਾ ਹੈ "ਤੁਸੀਂ ਨਿਸੰਦੇਹ ਨਹੀਂ ਮਰੋਗੇ।" ਪਰ ਜੇ ਪਰਮੇਸ਼ਰ ਨੇ ਆਖਿਆ ਹੈ ਤਾਂ ਉਹ ਉਸੇ ਤਰ੍ਹਾਂ ਹੋਵੇਗਾ! ਅਤੇਉਸੇ ਨੇ ਉਥੇ ਰੱਸੀ ਖਿਚਣ ਦੇ ਮੁਕਾਬਲੇ ਨੂੰ ਖ਼ਤਮ ਕੀਤਾ ਅਤੇ ਪੂਰੀ ਮਨੁੱਖ ਜਾਤੀ ਨੂੰ ਮੌਤ ਵਲ ਖਿਚਿਆ, ਕਿਉਂਕਿ ਹਵਾ ਨੇ ਪਹਿਲਾਂ ਹੀ ਪਰਮੇਸ਼ਰ ਦੇ ਵਚਨ ਤੇ ਵਾਦ-ਵਿਵਾਦ ਕੀਤਾ ਸੀ।ਇਹ ਸ਼ਰਮਿੰਦਗੀ ਸੀ ਜੋ ਹਵਾ ਨੇ ਉੱਥੇ ਕੀਤਾ। ਪਰ ਅਸੀਂ ਇਹ ਜਾਣਦੇ ਹਾਂ ਸਾਨੂੰ ਯਿਸੂ ਮਸੀਹ ਦੇ ਦੁਆਰਾ ਮਜਬੂਤ ਕੀਤਾ ਗਿਆ। ਪਰਮੇਸ਼ਰ ਸਭ ਤੋਂ ਵਧਿਆ ਬਚਾਵ ਦਿਤਾ ਹੈ ਜੋ ਕਿ ਉਸਦੇ ਵਚਨ ਦੇ ਵਿਸ਼ਵਾਸ ਕਰਨਾ ਹੈ।

19 ਪਰ ਅੱਜ ਦੇ ਦਿਨਾਂ ਵਿੱਚ ਬਹੁਤ ਸਾਰੇ ਲੋਕ ਕਹਿੰਦੇ ਹਨ ਕੀ ਸ਼ਤਾਨ ਨਹੀਂ ਹੈ, ਉਹ ਕਹਿੰਦੇ ਹਨ ਇਹ ਇੱਕ ਸੋਚ ਹੈ। ਪਰ ਕੁੱਝ ਲੋਕ ਵਿਸ਼ਵਾਸ ਕਰਦੇ ਹਨ ਕਿ ਪਵਿੱਤਰ ਆਤਮਾ ਦਾ ਵਿਚਾਰ ਚੰਗਾ ਹੈ, ਅਤੇ ਸ਼ਤਾਨ ਦਾ ਵਿਚਾਰ ਬੁਰਾ ਹੈ। ਪਰ ਜੇ ਤੁਸੀਂ ਧਿਆਨ ਦਵੋ ਜਦੋਂ ਬਾਈਬਲ ਪਵਿੱਤਰ ਆਤਮਾ ਦੇ ਬਾਰੇ ਕਹਿੰਦੀ ਹੈ।ਉਸਨੇ ਕਿਹਾ, "ਜਦੋਂ ਪਵਿੱਤਰ ਆਤਮਾ ਆਇਆ।" ਉਹ ਇੱਕ ਵਿਅਕਤੀ ਵਾਚਕ ਨਾਵ ਹੈ ਸਮਝੇ? ਪਵਿੱਤਰ ਇੱਕ ਵਿਅਕਤੀ ਹੈ।ਅਤੇ ਸ਼ਤਾਨ ਵੀ ਇੱਕ ਵਿਅਕਤੀ ਹੈ।ਅਤੇ ਦੁਸ਼ਟ ਆਤਮਾਵਾਂ ਵੀ ਵਿਅਕਤੀ ਹੈ। ਹਾਂ, ਦੁਸ਼ਟ ਆਤਮਾਵਾਂ ਬਹੁਤ ਸਾਰੇ ਜਰੀਏ ਨਾਲ ਆਉਂਦੀਆਂ ਹਨ। ਪਰ ਉਹ ਕਹਿੰਦੇ ਹਨ ਕਿ ਇਹ ਪੁਰਾਣੇ ਸਮੇਂ ਦੀ ਗੱਲ ਹੈ।

20 ਕੁੱਝ ਹਫ਼ਤੇ ਪਹਿਲਾਂ ਇੱਕ ਮਨੁੱਖ ਮੇਰੇ ਨਾਲ ਬਹਿਸ ਕਰ ਰਿਹਾ ਸੀ। ਉਸਨੇ ਕਿਹਾ "ਤੁਹਾਨੂੰ ਪਤਾ ਹੈ ਤੁਸੀਂ ਕੀ ਕਰਦੇ ਹੋ? ਜਦੋਂ ਤੁਸੀਂ ਲੋਕਾਂ ਨੂੰ ਇਹ ਗੱਲ ਦਸਦੇ ਹੋ ਤਾਂ ਉਹਨਾਂ ਨੂੰ ਉਸ ਸੋਚ ਵਿੱਚ ਪਾ ਦਿੰਦੇ ਹੋ। ਜੋ ਕੀ ਵਿਚਾਰਾਂ ਦਾ ਬਦਲਣਾ ਹੈ।"

21 ਠੀਕ ਉਸੇ ਤਰ੍ਹਾਂ ਮੇਰੇ ਨਾਲ ਇੰਡੀਆ ਵਿੱਚ ਹੋਇਆ। ਉਥੋਂ ਦੇ ਧਾਰਮਿਕ ਮਨੁੱਖ, ਮੈਂ ਵਿਸ਼ਵਾਸ ਕਰਦਾ ਹਾਂ ਕਿ ਉਹ ਅੱਜ ਤੱਕ ਦੀ ਸਭ ਤੋਂ ਵੱਡੀ ਸਭਾ ਸੀ ਜਿਥੇ ਮੈਂ ਪ੍ਰਚਾਰ ਕੀਤਾ ਕਰੀਬ ਪੰਜ ਲੱਖ ਲੋਕ ਸਨ। ਮੈਨੂੰ ਆਤਮਾ ਦੀ ਪਰਖ ਨਾਲ ਮਿਲਿਆ ਕੀ ਉਹ ਪਵਿੱਤਰ ਆਤਮਾ ਨੂੰ ਵੇਖਣਗੇ, ਅਤੇਲੋਕਾਂ ਨੂੰ ਸਭਾ ਵਿੱਚੋਂ ਬੁਲਾਵਾਂ ਅਤੇ ਉਹਨਾਂ ਦੇ ਵਿਚਾਰਾਂ ਨੂੰ ਦਸਾਂ। ਉੱਥੇ ਦੇ ਰਾਜੇ ਅਤੇ ਧਾਰਮਿਕ ਮਨੁੱਖ ਕਹਿਣ ਲੱਗੇ ਕਿ "ਉਹ ਵਿਚਾਰਾਂ ਨੂੰ ਪੜ੍ਹਦਾ ਹੈ।"

22 ਕੁੱਝ ਸਮਾਂ, ਲਗਭਗ 5 ਜਾਂ 6 ਲੋਕ ਪ੍ਰਾਰਥਨਾ ਲਾਇਨ ਵਿੱਚੋਂ ਗਏ, ਅਤੇ ਇੱਕ ਅੰਨਾ ਮਨੁੱਖ ਪ੍ਰਾਰਥਨਾ ਲਾਇਨ ਵਿੱਚ ਆਇਆ। ਉਹ ਪੂਰੀ ਤਰ੍ਹਾਂ ਅੰਨਾ ਮਨੁੱਖ ਸੀ, ਉਹਦੀ ਅੱਖ ਮੇਰੀ ਕਮੀਜ ਵਾਂਗ ਚਿੱਟੀ ਸੀ।ਅਤੇ ਮੈ ਆਖਿਆ, "ਤੁਸੀਂ ਵੇਖ ਸਕਦੇ ਹੋ ਇਹ ਅੰਨਾ ਮਨੁੱਖ ਹੈ।" ਜੇ ਮੈਂ ਇਸਦੀ ਮਦਦ ਕਰ ਸਕਾਂ ਤਾਂ ਮੈਂ ਕਰਾਗਾਂ ਪਰ ਇਹ ਕੇਵਲ ਪਰਮੇਸ਼ਰ ਦੇ ਦਾਨ ਨਾਲ ਹੀ ਹੋਵੇਗਾ, ਹੋ ਸਕਦਾ ਹੈ ਉਹ ਦਸਾਂ ਜੋ ਇਸ ਮਨੁੱਖ ਨੇ ਕੀਤਾ ਹੈ;ਅਤੇ ਉਸਨੂੰ ਦਸਾਂ ਜੇ ਪਰਮੇਸ਼ਰ ਜਾਣਦਾ ਹੈ ਕਿ ਉਸਨੇ ਕੀ ਕੀਤਾ ਹੈ ਤਾਂ ਉਹ ਇਹ ਵੀ ਜਾਣਦਾ ਹੈ ਕਿ ਉਹ ਕੀ ਕਰਨ ਵਾਲਾ ਹੈ। ਅਤੇ "ਉਸਨੂੰ ਵੇਖ ਕੇ ਮੈਂ ਆਖਿਆ" ਕਿ "ਇਹ ਸੂਰਜ ਦੀ ਪੂਜਾ ਕਰਣ ਵਾਲਾ ਹੈ। ਵੀਹ ਸਾਲਾਂ ਤੋਂ ਅੰਨਾ ਹੈ।" ਜਦੋਂ ਅਨੁਵਾਦ ਕਰਣ ਵਾਲੇ ਨੇ ਉਸਨੂੰ ਦਸਿਆ ਤਾਂ ਇਹ ਸਭ ਸਹੀ ਸੀ। ਅਤੇ ਮੈਂ ਆਖਿਆ "ਇਹ ਵਿਆਹਿਆ ਮਨੁੱਖ ਹੈ ਇਸਦੀ ਪਤਨੀ ਛੋਟੀ ਹੈ ਅਤੇ ਦੋ ਪੁੱਤਰ ਹਨ ਸੱਤ ਅਤੇ ਨੋ ਸਾਲ ਦੇ।" ਅਤੇ ਇਹ ਠੀਕ ਉਸੇ ਤਰ੍ਹਾਂ ਸੀ। ਜੋ ਉਹਨਾਂ ਦੇ ਨਾਮ ਸੀ, ਉਹ ਦਸੇ।

23 ਫਿਰ ਸਭਾ ਵਿੱਚੋ ਜਿੱਥੇ ਲੋਕ ਬੈਠੇ ਸੀ, ਆਵਾਜ਼ ਆਈ, "ਇਹ ਦਿਮਾਗ ਨੂੰ ਪਰਖਣ ਦਾ ਗਿਆਨ ਹੈ, ਜਿਸਦੇ ਨਾਲ ਮਨਾ ਦੀ ਪਰਖ ਕਰਦਾ ਹੈ।"

24 ਫਿਰ ਮੈਂ ਸੋਚਇਆ, "ਪ੍ਰਭੂ ਜੇ ਤੂੰ ਮੇਰੀ ਮਦਦ ਕਰੇਂ।" ਪ੍ਰਭੂ, ਮੈਨੂੰ ਤੇਰੀ ਮਦਦ ਦੀ ਲੋੜ ਹੈ। ਇਹ ਲੋਕ ਇਸਨੂੰ ਟੇਲੀਪੇਥੀ ਦਸਦੇ ਹਨ ਜੋ ਕੀ ਨਹੀਂ ਹੈ, ਅਤੇ ਪ੍ਰਭੂ ਤੂੰ ਇਹ ਜਾਣਦਾ ਹੈ। ਫਿਰ ਵੀ ਮੈ ਇਹਨਾਂ ਨੂੰ ਵਚਨ ਦਸਾਂਗਾ ਕਿ ਯਿਸੂ ਨੇ ਕਿਹਾ, ਜਦੋਂ ਤੱਕ ਪਿਤਾ ਉਸਨੂੰ ਕੁੱਝ ਨਹੀਂ ਵਿਖਾਉਂਦਾ ਉਹ ਉਸਨੂੰ ਨਹੀਂ ਕਰਦਾ ਹੈ। ਫਿਰ ਮੁੜ ਕੇ ਮੈਂ ਉਸ ਮਨੁੱਖ ਵੱਲ ਵੇਖਿਆ, ਦਰਸ਼ਨ ਵਿੱਚ ਵੇਖਿਆ ਉਸਦੀ ਅੱਖਾਂ ਮੇਰੀ ਅੱਖਾ ਵਾਂਗ ਠੀਕ ਸਨ। ਫਿਰ ਮੈਂ ਸੋਚਇਆ, "ਹੁਣ ਇਹ ਸਮਾਂ ਹੈ।"

25 ਮੈਂ ਕਿਹਾ, "ਇਹ ਮਨੁੱਖ ਸੂਰਜ ਦੀ ਪੂਜਾ ਕਰਦਾ ਹੈ, ਅਤੇ, ਉਹ ਅੰਨਾ ਹੋ ਗਿਆ ਹੈ।" ਅਤੇ ਮੈਂ ਕਿਹਾ, "ਹੁਣ, ਇੱਥੇ...ਇੱਥੇ ਮੁਸਲਮਾਨ ਧਰਮ ਦੇ ਮੋਲੀ ਬੈਠੇ ਹਨ ਅਤੇ ਹੋਰ ਵੀ ਸਿੱਖ, ਜੈਨ, ਬੁਦਧ ਧਰਮ ਦੇ ਵੀ। ਹੁਣ ਇਹ ਮਨੁੱਖ ਆਪਣੀ ਅੱਖਾਂ ਦੀ ਰੋਸ਼ਨੀਂ ਪਾਉਣਾ ਚਾਹੁੰਦਾ ਹੈ। ਇਸਨੇ ਸਿਰਜਣਹਾਰ ਦੀ ਉਪਾਸਨਾ ਨਹੀਂ ਪਰ ਉਸ-ਉਸ ਨੇ ਸ੍ਰਿਸ਼ਟੀ ਦੀ ਪੂਜਾ ਕੀਤੀ। ਮੇਰਾ ਇਹ ਵਿਸ਼ਵਾਸ ਹੈ। ਪਰ ਅੱਜ ਰਾਤ ਅਸੀਂ ਇੱਥੇ ਬੈਠੇ ਹਾਂ"। ਮੈਂ ਕਿਹਾ, "ਅਤੇ ਅਸੀਂ...ਅੱਜ ਸਾਨੂੰ ਜੈਨ ਧਰਮ ਦੇ ਮੰਦਰ ਬਾਰੇ ਵੀ ਪਤਾ ਹੈ ਜਿਥੇ 17 ਵੱਖ ਵੱਖ ਧਰਮ ਮੈਨੂੰ ਮੇਰੇ ਬਾਰੇ ਪੁਛਣਾ ਚਾਹੁੰਦੇ ਸੀ, ਪਰ ਉਹ ਸਾਰੇ ਮਸੀਹ ਦੇ ਵਿਰੋਧੀ ਸੀ, ਉਹਨਾਂ ਵਿਚੋਂ ਹਰ ਇੱਕ!" ਫਿਰ ਮੈਂ ਕਿਹਾ, "ਤੁਹਾਡੇ ਵਿੱਚੋਂ ਕਾਫੀ

ਲੋਕ ਇੱਥੇ ਸੀ। ਹੁਣ, ਜੇ ਮਸੀਹ ਗਲਤ ਹੈ ਤਾਂ ਇਹ ਮਨੁੱਖ ਸਹੀ ਹੋਣਾ ਚਾਹਿਦਾ ਹੈ।ਅਤੇ ਸ੍ਰਿਸ਼ਟੀ ਦਾ ਪਰਮੇਸ਼ਰ, ਜਿਸਨੇ ਸਾਰੀ ਦੁਨੀਆਂ ਨੂੰ ਬਣਾਈਆਂ, ਉਹੀ ਪਰਮੇਸ਼ਰ ਇਸਦੀ ਅੱਖਾਂ ਦੀ ਰੋਸ਼ਨੀਂ ਦੀ ਰਚਨਾ ਕਰੇਗਾ। ਇਹ ਸਮਰੱਥ ਹੈ।" ਅਤੇ ਮੈਂ ਕਿਹਾ, "ਜੇ ਤੁਹਾਡੇ ਲੋਕਾਂ ਵਿੱਚੋਂ, ਮੁਸਲਮਾਨ ਦੀ ਅਗੁਵਾਈ ਕਰਣ ਵਾਲੇ ਮੋਲੀ ਇੱਥੇ ਆ ਕੇ ਇਸ ਮਨੁੱਖ ਨੂੰ ਅੱਖਾਂ ਦੀ ਰੋਸ਼ਨੀਂ ਦੇ ਸਕਦੇ ਹਨ ਤਾਂ ਮੈਂ ਮੁਸਲਮਾਨ ਧਰਮ ਨੂੰ ਮੰਨ ਲਾਊਂਗਾ ਜਾਂ ਬੁਦਧ ਧਰਮ ਇੱਥੇ ਆ ਕੇ ਰੋਸ਼ਨੀ ਦੇ ਸਕਦੇ ਹਨ। ਪਰਜਿਹੜੇ ਪਰਮੇਸ਼ਰ ਨੇ ਇਸਨੂੰ ਬਣਾਇਆ ਹੈ, ਭਾਵੇਂ ਓਹ ਕਿਸੇ ਦਾ ਵੀ ਪਰਮੇਸ਼ਰ ਹੋਵੇ, ਕਿਉਂਕਿ ਉਥੇ ਪਰਮੇਸ਼ਰ ਹੋਣਾ ਹੀ ਹੈ, ਸਾਡੇ ਕੋਲ ਸਿਰਜਣਹਾਰ ਤੋਂ ਬਿਨਾਂ ਸ੍ਰਿਸ਼ਟੀਨਹੀਂ ਹੋ ਸਕਦੀ। ਅਤੇ ਸਿਰਜਣਹਾਰ ਹੀ ਅੱਖਾਂ ਦੀ ਰੋਸ਼ਨੀ ਦੀ ਰਚਨਾ ਕਰ ਸਕਦਾ ਹੈ। ਉਹ ਵੀਹ ਸਾਲਾਂ ਤੋਂ ਸੂਰਜ ਵੱਲ ਵੇਖ ਵੇਖ ਕੇ ਅੰਨਾ ਹੋ ਗਿਆ ਹੈ। ਇਹ ਸੋਚਦੇ ਹੋਏ ਕਿ ਇੰਜ ਕਰਣ ਨਾਲ ਉਹ ਸਵਰਗ ਚਲਾ ਜਾਵੇਗਾ। ਇਸ ਮਨੁੱਖ ਨੇ ਅਨਗਿਆਤਪੂਰਵਕ ਕੀਤਾ।" ਮੈਂ ਕਿਹਾ, "ਤੁਸੀਂ ਬੁੱਧ ਧਰਮ ਦੇ ਗੁਰੂ ਕੀ ਕਰ ਸਕਦੇ ਹੋ? ਤੁਸੀਂ ਉਸਦੀ ਸੋਚ ਨੂੰ ਬਦਲ ਸਕਦੇ ਹੋ। ਇਹ ਕਹਿ ਸਕਦੇ ਹੋ ਕੀ ਇਹ ਗਲਤ ਹੈ।" ਉਹਨਾਂ ਨੇ ਮਰੇ ਪੂਰਵਜਾਂ ਦੇ ਪੂਜਾ ਕੀਤੀ। ਮੈਂ ਕਿਹਾ, "ਤੁਸੀਂ ਇਹ ਕਹਿ ਸਕਦੇ ਹੋ ਕੀ ਇਹ ਗਲਤ ਹੈ ਪਰ ਤੁਸੀਂ ਕੀ ਕਰ ਸਕਦੇ ਹੋ? ਤੁਸੀਂ ਉਸਦੀ ਸੋਚ ਨੂੰ ਬਦਲ ਸਕਦੇ ਹੋ"। ਅਤੇ ਮੈਂ ਕਿਹਾ, "ਮੁਸਲਮਾਨ ਕੀ ਕਰ ਸਕਦੇ ਹਨ? ਉਸਦੀ ਸੋਚ ਨੂੰ ਬਦਲ ਸਕਦੇ ਹੋ। ਇਸੇ ਤਰ੍ਹਾਂ ਸਿੱਖ ਧਰਮ ਅਤੇ ਜੈਨ ਧਰਮ, ਉਸਦੀ ਸੋਚ ਨੂੰ ਬਦਲ ਸਕਦੇ ਹੋ"।

26 ਮੈਂ ਕਿਹਾ, "ਅਮਰੀਕਾ ਵਿੱਚ ਵੀ ਇਸੇ ਤਰ੍ਹਾਂ ਹੈ। ਮੈਥੋਡਿਸ੍ਟ ਚਾਹੁੰਦੇ ਹਨ ਕਿ ਬੇਪ੍ਟਿਸਟ ਮੈਥੋਡਿਸ੍ਟ ਬਣ ਜਾਵੇ, ਅਤੇ ਪੇਂਟਿਕੋਸਟ ਚਾਹੁੰਦੇ ਕੀ ਮੈਥੋਡਿਸ੍ਟ ਪੇਂਟਿਕੋਸਟ ਬਣ ਜਾਵੇ। ਇਹ ਕੇਵਲ ਸੋਚ ਦਾ ਬਦਲਣਾ ਹੈ। ਪਰ ਅਸੀਂ ਇਸਦੇ ਬਾਰੇ ਗੱਲ ਨਹੀਂ ਕਰ ਰਹੇ। ਅਸੀਂ ਸਿਰਜਣਹਾਰ ਪਰਮੇਸ਼ਰ ਦੀ ਗੱਲ ਕਰ ਰਹੇ ਹਾਂ।" ਅਤੇ ਮੈਂ ਕਿਹਾ, "ਸੱਚਮੁੱਚ ਸਿਰਜਣਹਾਰ ਹੀ ਬੋਲੇਗਾ"। ਜੇ ਮੇਰੇ ਕੋਲ ਉਹ ਦਰਸ਼ਨ ਨਹੀਂ ਹੁੰਦਾ ਤਾਂ ਮੈਂ ਇਸ ਤਰ੍ਹਾਂ ਨਹੀਂ ਕਹਿਣਾ ਸੀ। ਹੁਣ ਮੈਂ ਕਿਹਾ, "ਹੁਣ ਜੇ ਤੁਹਾਡੇ ਵਿੱਚੋਂ ਕੋਈ, ਆ ਕੇ ਇਸਨੂੰ ਰੋਸ਼ਨੀ ਦੇਵੇ ਤਾਂ ਉਸਦਾ ਪਰਮੇਸ਼ਰ ਹੀ, ਪਰਮੇਸ਼ਰ ਹੋਵੇਗਾ"। ਫਿਰ ਮੈਂ ਕਿਹਾ, "ਮੈਂ ਇਹਨਾਂ ਧਰਮਾਂ ਦੇ ਗੁਰੂ ਅਤੇ ਰਾਜਿਆ ਨੂੰ ਚੁਨੋਤੀ ਦਿੰਦਾ ਹਾਂ ਜੇ ਤੁਹਾਡੇ ਵਿੱਚੋ ਕੋਈ ਆ ਕੇ ਇਸਨੂੰ ਰੋਸ਼ਨੀ ਦੇਵੇ ਤਾਂ ਮੈਂ ਤੁਹਾਡੇ ਧਰਮ ਨੂੰ ਮਨਾਂਗਾ।" ਉਹ ਸੱਭ ਤੋਂ ਸ਼ਾਂਤ ਝੁੰਡ ਸੀ ਜੋ ਮੈਂ ਕਦੇ ਅੱਜ ਤੱਕ ਵੇਖਿਆ ਹੋਵੇ। ਸਮਝੇ? ਕੋਈ ਵੀ ਇਸਨੂੰ ਨਹੀਂ ਕਰ ਸਕਿਆ।

27 ਫਿਰ ਮੈਂ ਕਿਹਾ, ਤੁਸੀਂ ਇਨ੍ਹੇ ਸ਼ਾਂਤ ਕਿਓਂ ਹੋ? ਮੈਂ ਕਿਹਾ, "ਤੁਸੀਂ ਸ਼ਾਂਤ

ਇਸ ਕਰਕੇ ਹੋ ਕਿਓਂਕਿ ਤੁਸੀਂ ਇਹ ਨਹੀਂ ਕਰ ਸਕਦੇ ਅਤੇ ਮੈਂ ਵੀ ਨਹੀਂ ਕਰ ਸਕਦਾ ਹਾਂ। ਪਰ ਸਵਰਗ ਦਾ ਪਰਮੇਸ਼ਰ ਜਿਸਨੇ ਯਿਸੂ ਮਸੀਹ ਨੂੰ ਮੁਰਦੇ ਤੋਂ ਜਿਲਾਇਆ, ਜਿਸਦੇ ਅਸੀਂ ਸੇਵਕ ਹਾਂ ਅਤੇ ਮੈਨੂੰ ਵਿਖਾਇਆ ਕੀ ਇਹ ਮਨੁੱਖ ਅੱਖਾਂ ਦੀ ਰੋਸ਼ਨੀ ਪਾ ਸਕਦਾ।" ਸਮਝੇ? ਜੇ ਇੰਝ ਨਹੀਂ ਹੁੰਦਾ ਹੈ ਤਾਂ ਤੁਸੀਂ ਮੈਨੂੰ ਇੰਡੀਆ ਤੋਂ ਬਾਹਰ ਕਢ ਸਕਦੇ ਹੋ। ਪਰ ਜੇਕਰ ਇਸ ਤਰ੍ਹਾਂ ਹੋ ਜਾਂਦਾ ਹੈ ਤਾਂ ਤੁਸੀਂ ਆਪਣਾ ਜੀਵਨ ਯਿਸੂ ਮਸੀਹ ਨੂੰ ਦੇਵੋਗੇ। ਮੈਂ ਤੁਹਾਨੂੰ ਪੁਛਣਾ ਚਾਹੁੰਦਾ ਹਾਂ ਜੇਕਰ ਇਹ ਅੰਨਾ ਮਨੁੱਖ ਚੰਗਾ ਹੋ ਜਾਂਦਾ ਹੈ ਤਾਂ ਕੀਨੇ ਲੋਕ ਆਪਣਾ ਜੀਵਨ ਯਿਸੂ ਮਸੀਹ ਨੂੰ ਦੇਣਗੇ? ਤੁਸੀਂ ਵੇਖਿਆ ਤੁਹਾਡੇ ਧਰਮੀ ਗੁਰੂ ਇੱਥੇ ਨਹੀਂ ਆਏ। ਜੇ ਉਹਨਾਂ ਨੇ ਤੁਹਾਨੂੰ ਦਸਿਆ ਹੈ ਕੀ ਤੁਹਾਡਾ ਧਰਮ ਇਨ੍ਹਾ ਵੱਡਾ ਹੈ ਤਾਂ ਫਿਰ ਉਹਇੱਥੇ ਆ ਕੇ ਕੁੱਝ ਬੋਲ ਕਿਓਂ ਨਹੀਂ ਸਕੇ? ਕੋਈ ਵੀ ਨਹੀਂ ਆਇਆ। ਫਿਰ ਮੈਂ ਕਿਹਾ, "ਤੁਸੀਂ ਲੋਕ ਜੋ ਇੱਥੇ ਖੜ੍ਹੇ ਹੋ, ਜੇ ਤੁਸੀਂ ਇਹ ਅੰਨੇ ਮਨੁੱਖ ਨੂੰ ਵੇਖ ਸਕਦੇ ਹੋ..."

28 ਅਤੇ ਫਿਰ ਇੱਕ ਡਾੱਕਟਰ ਉਸਦੀ ਅੱਖਾਂ ਦੇਖਣ ਲਈ ਉਪਰ ਆਇਆ। ਉਸਨੇ ਆਪਣਾ ਸਿਰ ਹਿਲਾ ਕੇ ਕਿਹ, "ਇਹ ਅੰਨਾ ਹੈ।"

29 ਮੈਂ ਕਿਹਾ, "ਨਿਸੰਦੇਹ ਇਹ ਅੰਨਾ ਹੈ।" ਪਰ ਮੈਂ ਕਿਹਾ, "ਜੇਕਰ...ਜੇਕਰ ਯਿਸੂ ਮਸੀਹ ਇਸਨੂੰ ਰੋਸ਼ਨੀ ਦਿੰਦਾ ਹੈ ਤਾਂ ਕਿੰਨ੍ਹੇ ਲੋਕ ਯਿਸੂ ਮਸੀਹ ਦੀ ਸੇਵਾ ਕਰਣਗੇ?" ਜਿਥੇ ਤੱਕ ਮੈਂ ਵੇਖ ਸਕਦਾ ਸੀ ਉਠੇ ਹੋਏ ਕਾਲੇ ਹੱਥਾਂ ਦਾ ਸਮੁੰਦਰ ਵਾਂਗ। ਉਸ ਮਨੁੱਖ ਵੱਲ ਵੇਖਿਆ, ਅਤੇ ਕਿਹਾ, "ਪ੍ਰਭੂ ਪਰਮੇਸ਼ਰ ਹੋਣ ਦੇ, ਉਹ ਇਹ ਜਾਣਨ ਕੀ ਤੂੰ ਹੀ ਪਰਮੇਸ਼ਰ ਹੈ।" ਮਨੁੱਖ ਨੇ ਮੈਨੂੰ ਗੱਲੇ ਤੋਂ ਜ਼ੋਰ ਦੀ ਫੜਿਆ ਅਤੇ ਬੰਬੇ ਸ਼ਹਿਰ ਦਾ ਮੇਯਰ ਜੋ ਉਥੇ ਬੈਠਾ ਸੀ ਉਸਨੂੰ ਵੀ ਜ਼ੋਰ ਦੀ ਫੜਿਆ, ਉਸਦੀ ਰੋਸ਼ਨੀ ਵਾਪਸ ਆਈ, ਜਿਵੇਂ ਕੋਈ ਆਮ ਮਨੁੱਖ ਵੇਖ ਸਕਦਾ ਹੈ ਠੀਕ ਉਸੇ ਤਰ੍ਹਾਂ।

30 ਇਹ ਕੀ ਹੈ? ਇਹ—ਇਹ ਪਰਮੇਸ਼ਰ ਦੀ ਤਾਕਤ ਹੈ। ਪਰਮੇਸ਼ਰ ਪਰਮੇਸ਼ਰ ਹੈ ਅਤੇ ਸ਼ਤਾਨ ਸ਼ਤਾਨ ਹੈ! ਜੇਕਰ ਤੁਸੀਂ ਸੋਚਦੇ ਹੋ ਕੀ ਸ਼ਤਾਨ ਨਹੀਂ ਹੈ...ਜਦੋਂ ਮੈਂ ਸੇਵਕਾਈ ਸ਼ੁਰੁਆਤ ਕੀਤੀ ਸੀ, ਹਰ ਰੋਜ਼ ਮੈਨੂੰ ਉਸਦਾ ਸਾਮਣਾ ਕਰਨਾ ਪੈਂਦਾ ਸੀ। ਮੈਨੂੰ ਇਹ ਨਾ ਦਸੋ ਕੀ ਸ਼ਤਾਨ ਹੈ ਨਹੀਂ, ਮੈਨੂੰ ਚੰਗੀ ਤਰ੍ਹਾਂ ਪਤਾ ਹੈ। ਮੈਨੂੰ ਹਰ ਰੋਜ਼ ਉਸਦੇ ਨਾਲ ਲੜਨਾ ਪੈਂਦਾ ਹੈ। ਇਸੇ ਲਈ ਮੈਨੂੰ ਪਤਾ ਹੈ ਕੀ ਸ਼ਤਾਨ ਹੈ। ਅਤੇ ਜਦੋਂ ਤੁਸੀਂ ਉਸਨੂੰ ਮਿਲੋ ਤੁਹਾਨੂੰ ਉਸਦਾ ਅਭਿਆਸ ਹੋਣਾ ਚਾਹਿਦਾ ਹੈ।ਅਧਿਆਤਮਕ ਵਿਦਿਆ ਦਾ ਅਭਿਆਸ ਨਹੀਂ, ਪੜ੍ਹਾਈ ਲਖਾਈ ਦਾ ਅਭਿਆਸ ਨਹੀਂ ਪਰ ਪਵਿੱਤਰ ਆਤਮਾ ਦਾ ਅਭਿਆਸ। ਪਰਮੇਸ਼ਰ ਦੇ

ਵਚਨ ਦੀ ਸਮਰਥ ਇਸਨੂੰ ਸਾਬਤ ਕਰਨ ਲਈ। ਆਪਣੇ ਦੁਸ਼ਮਨ ਨੂੰ ਜਾਣੋ। ਔਹ ਇਹ ਕਿੰਨੀ ਭਿਆਨਕ ਗੱਲ ਹੈ!

31 ਮੈਨੂੰ ਕਿੰਨਾ ਚੰਗਾ ਲਗਦਾ ਹੈ ਹੋਰ ਤੁਹਾਨੂੰ ਇਸਦੇ ਬਾਰੇ ਦਸਾਂ, ਬਾਈਬਲ ਦੇ ਵਿੱਚੋਂ ਉਸ ਮਨੁੱਖ ਦੇ ਬਾਰੇ ਦਸਾਂ ਜਿਸਨੇ ਇਸਦਾ ਸਾਮ੍ਹਣਾ ਕੀਤਾ। ਕਿੰਵੇ ਦੁਸ਼ਮਨ ਦੇ ਨਾਲ ਮੁਕਾਬਲਾ ਕੀਤਾ ਹੈ ਆਪਣੇ ਆਪ ਨੂੰ ਵਚਨ ਨਾਲ ਮਜਬੂਤ ਕੀਤਾ। ਨੂਹ ਦੇ ਕੋਲ ਇਸਦਾ ਅਨੁਭਵ ਸੀ ਅਤੇ ਉਹ ਜਾਣਦਾ ਸੀ ਪਰਮੇਸ਼ਰ ਨੇ ਉਸਨੂੰ ਕਿਹਾ ਹੈ ਕੀ ਬਾਰਿਸ਼ ਹੋਵੇਗੀ।ਅਤੇ ਪਰਮੇਸ਼ਰ ਦਾ ਵਚਨ ਅਤੇ ਸਾਇੰਸ ਵਿੱਚ ਮੁਕਾਬਲਾ ਚਲ ਰਿਹਾ ਸੀ। ਸਾਇੰਸ ਨੇ ਕਿਹਾ, “ਇਹ ਨਹੀਂ ਹੋ ਸਕਦਾ।” ਪਰਮੇਸ਼ਰ ਨੇ ਕਿਹਾ, “ਬਾਰਿਸ਼ ਹੋਵੇਗੀ।” ਅਮੀਨ।

32 ਇਸੇ ਤਰ੍ਹਾਂ ਅੱਜ ਹੋ ਰਿਹਾ ਹੈ। ਇਹ ਹੋਵੇਗਾ! ਇਹ ਹੁੰਦਾ ਹੈ! ਸ਼ਤਾਨ ਦਾ ਅਸਤੀਤਵ ਹੈ! ਪਰ ਯਿਸੂ ਨੇ ਸ਼ਤਾਨ ਨੂੰ ਬਾਹਰ ਕਢਿਆ, ਉਸਨੇ ਸ਼ਤਾਨ ਨੂੰ ਕਢਣ ਲਈ ਆਪਣੀ ਕਲਿਸੀਆ ਨੂੰ ਅਧਿਕਾਰ ਦਿਤਾ, “ਮੇਰੇ ਨਾਂ ਵਿੱਚ ਤੁਸੀਂ ਦੁਸ਼ਟ ਆਤਮਾਵਾਂ ਨੂੰ ਕਢੋਗੇ।” ਉਸਨੇ ਉਸ ਇਸਤਰੀ ਵਿੱਚੋਂ ਸੱਤ ਦੁਸ਼ਟ ਆਤਮਾਵਾਂ ਨੂੰ ਕਢਿਆ।ਅਤੇ ਉਸਨੇ ਕਿਹਾ, “ਜਦੋਂ ਦੁਸ਼ਟ ਆਤਮਾਂ ਮਨੁੱਖ ਵਿੱਚੋਂ ਨਿਕਲਦੀਆਂ ਹਨ, ਅਤੇ ਵਾਪਿਸ ਆ ਕੇ ਉਸ ਥਾਂ ਨੂੰ ਖਾਲੀ ਵੇਖਦੀ ਹੈ, ਤਾਂ ਆਪਣੇ ਨਾਲ, ਸੱਤ ਹੋਰ ਦੁਸ਼ਟ ਆਤਮਾਵਾਂ ਨੂੰ ਲੈ ਕੇ ਆਉਂਦੀ ਹੈ।” ਫਿਰ ਜਦੋਂ ਉਸਦੇ ਅੰਦਰੋ ਬਾਹਰ ਚਲਾ ਜਾਂਦਾ ਹੈ ਤਾਂ ਇਹ ਵਿਖਾਉਂਦਾ ਹੈ ਕੀ ਉਸ ਮੁਨੱਖ ਨੂੰ ਦੁਸ਼ਟ ਆਤਮਾਂ ਤੋ ਸਾਫ਼ ਕੀਤਾ ਹੈ। ਸ਼ਤਾਨ ਉਸਦੇ ਅੰਦਰੋਂ ਬਾਹਰ ਚਲਾ ਗਿਆ ਹੈ! ਫਿਰ ਜਦੋ ਸ਼ਤਾਨ ਨਿਕਲ ਜਾਂਦਾ ਹੈਂ, ਤਾਂ ਪਰਮੇਸ਼ਰ… ਮੋਕਾ ਦਿੰਦਾ ਹੈ ਕਿ ਪਰਮੇਸ਼ਰ ਅੰਦਰ ਆਵੇ। ਜਦੋਂ ਉਹ ਬਾਹਰ ਜਾਂਦਾ ਹੈ ਤਾਂ, ਹੋਣ ਦੋ ਕੀ ਪਵਿੱਤਰ ਆਤਮਾਂ ਅੰਦਰ ਆਵੇ। ਉਹਨੂੰ ਇਸੇ ਤਰ੍ਹਾਂ ਨਾ ਛਡੋ। ਜੇਕਰ ਤੁਸੀਂ ਪਸ਼ਚਾਤਾਪ ਕਰਕੇ ਫੇਰ ਉਸੇ ਤਰ੍ਹਾਂ ਚਲਦੇ ਹੋ ਤਾਂ, ਤੁਹਾਡੀ ਹਾਲਤ ਹੋਰ ਵੀ ਬੁਰੀ ਹੋ ਜਾਵੇਗੀ। ਪਰ ਜੇਕਰ ਤੁਸੀਂ ਉਸ ਥਾਂ ਨੂੰ ਜਿਥੇ ਸ਼ਤਾਨ ਸੀ ਪਵਿੱਤਰ ਆਤਮਾ ਨਾਲ ਭਰ ਦਿੰਦੇ ਹੋ, ਤਾਂ ਤੁਹਾਡੇ ਕੋਲੋਪਰਮੇਸ਼ਰ ਦੇ ਵਚਨ ਦੀ ਤਾਕਤ ਦੁਸ਼ਟ ਆਤਮਾਵਾਂ ਨੂੰ ਕਢਣ ਲਈ ਪ੍ਰਗਟ ਹੋਵੇਗੀ। ਮੁਕਾਬਲਾ ਜਾਰੀ ਹੈ। ਸ਼ਾਮ ਦੇ ਸਮੇਂ ਚਾਨਣ ਚਮਕ ਰਿਹਾ ਹੈ। ਪਰਮੇਸ਼ਰ ਦਾ ਪਵਿੱਤਰ ਆਤਮਾ ਮੋਜੂਦ ਹੈ।

33 ਹੁਣ ਲਗਭਗ—ਲਗਭਗ ਤਿੰਨ ਮਿੰਟ ਜਦੋਂ ਸਿਟੀ ਵੱਜੇਗੀ, ਅਤੇ ਅੱਧੀ ਰਾਤ ਹੋ ਜਾਵੇਗੀ। ਫਿਰ ਜਿਵੇ ਅਸੀਂ ਇਹ ਇਮਾਰਤ ਨੂੰ ਛੱਡਕੇ ਵੱਖ ਵੱਖ ਰਾਹਾਂ ਤੇ ਆਪਣੇ ਘਰਾਂ ਨੂੰ ਮੁੜਦੇ ਹਾਂ, ਅਤੇ ਬਾਹਰ ਦੀ ਦੁਨੀਆਂ ਨੂੰ ਮਿਲਦੇ ਹਾਂ, ਤਾਂ ਆਉ ਅਸੀਂ ਉਸੇ ਤਰ੍ਹਾਂ ਨਾ ਜਾਈਏ ਜਿਵੇ ਅਸੀਂ ਪਹਿਲਾਂ ਜਾਂਦੇ ਸੀ।

ਆਉਉਸਦੇ ਜੀ ਉਠਣ ਸੀ ਸਮਰਥ ਨਾਲ ਜਾਈਏ। ਆਉ ਅਸੀਂ ਯਿਸੂ ਮਸੀਹ ਦੇ ਨਾਂ ਵਿੱਚ, ਉਸਦੇ ਵਚਨ ਦੇ ਵਿਸ਼ਵਾਸ ਨਾਲ, ਦਰਜ਼ੇ ਨੂੰ ਉੱਚਾ ਚੁਕਦੇ ਹੋਏ, ਦੋ ਧਾਰੀ ਤਲਵਾਰ ਨਾਲ, ਅਤੇ ਪਰਮੇਸ਼ਵਰ ਦੇ ਸਾਰੇ ਹਥਿਆਰ ਲੈ ਕੇ ਦੁਸ਼ਮਨ ਦਾ ਮੁਕਾਬਲਾ ਕਰਣ ਲਈ, ਕਿਓਂ ਜੋ ਵੈਰੀ ਹਰ ਦਿਨ ਹੋਰ ਵੀ ਤਾਕਤਵਰ ਅਤੇ ਮਜਬੂਤ ਹੋ ਰਿਹਾ ਹੈ। ਜਦੋਂ ਵੈਰੀ ਹੜ੍ਹ ਵਾਂਗ ਆਉਂਦਾ ਹੈ, ਤਾਂ ਪਰਮੇਸ਼ਰ ਆਪਣੇ ਦਰਜ਼ੇ ਨੂੰ ਉੱਚਾ ਚੁਕਦਾ ਹੈ। ਜੇ ਅਸੀਂ ਇਹਨਾਂ ਚੀਜ਼ਾ ਦੇ ਅੰਤ ਵਿੱਚ ਆਉਂਦੇ ਹਾਂ...ਅਤੇ ਪਰਮੇਸ਼ਰ ਦਾ ਛੁਪਿਆ ਭੇਦ ਸਾਡੇ ਤੇ ਪ੍ਰਗਟ ਹੋ ਜਾਂਦਾ ਹੈ, ਅਸੀਂ ਹੋਰ ਵੀ ਤਾਕਤ ਅਤੇ ਉਠਾਏ ਜਾਣ ਦੀ ਤਾਕਤ ਦੇ ਲਈ ਵੇਖ ਰਹੇ ਹਾਂ, ਅਤੇ ਸੱਭ ਤੋਂ ਭੈੜੀ ਸ਼ਕਤੀ ਦਾ ਮੁਕਾਬਲਾ ਕਰਣ ਲਈ, ਤਾਂ ਜੋ ਕਲਿਸੀਆ ਮਹਿਮਾ ਵਿੱਚ ਉਠਾ ਲਈ ਜਾਵੇ। ਸਾਡੇ ਕੋਲ ਇਹ ਹੋਣਾ ਚਾਹਿਦਾ ਹੈ। ਆਉ ਅਸੀਂ '63 ਨੂੰ ਮੁਕਾਬਲੇ ਵਾਂਗ ਲਈਏ, ਜਿਵੇਂ ਕੀ ਅਸੀਂ ਪਰਮੇਸ਼ਰ ਦੇ ਦਾਸ ਹਾਂ! ਪੁਰਾਣੇ ਸਮੇਂ ਦੇ ਸ਼ਦਰਕ, ਮੇਸ਼ਕ ਅਤੇ ਅਬੇਦੰਗੋ ਵਾਂਗ, ਅਸੀਂ ਸੰਸਾਰ ਦੇ ਸ਼ਤਾਨ ਅੱਗੇ ਆਪਣਾ ਸਿਰ ਨਹੀਂ ਝੁਕਾਵਾਂਗੇ ਅਤੇ ਉਸਨੂੰ ਵਾਪਿਸ ਲਵਾਂਗੇ ਜਿਸਦੇ ਬਾਰੇ ਅਸੀਂ ਗੱਲ ਕੀਤੀ ਹੈ, ਪਰ ਆਉ ਅਸੀਂ ਉਸ ਜੰਗ ਲਈ ਅੱਗੇ ਵਧੀਏ।

34 ਅੱਜ ਰਾਤ ਮੈਨੂੰ ਸਿਟੀ ਦੀ ਅਵਾਜ਼ ਮਹਸੂਸ ਹੋ ਰਹੀ ਹੈ, ਜਿਵੇਂ ਦਾਉਦ ਨੇ ਕੀਤਾ ਜਦੋਂ ਉਹ ਤੂਤ ਦੇ ਦਰਖਤ ਥੱਲੇ ਬੈਠਾ ਉਹਨਾਂ ਗਰਮੀ ਦੀ ਰਾਤਾਂ ਵਿੱਚ, ਅਤੇ ਵੈਰੀ ਲਲਕਾਰ ਰਿਹਾ ਸੀ। ਦਾਉਦ ਲਈ ਇਹ ਕਿਹੋ ਜਿਹੀ ਘੜੀ ਹੋਵੇਗੀ! ਕਿਹੋ ਜਿਹਾ ਸਮਾਂ ਹੋਵੇਗਾ ਜਦੋਂ ਉਹ ਉੱਥੇ ਬੈਠਾ ਸੀ! ਉਹਨੂੰ ਇਹ ਨਹੀਂ ਪਤਾ ਸੀ ਕਿ ਕਰਨਾ ਹੈ, ਅਤੇ ਕਿੱਥੇ ਜਾਣਾ ਹੈ, ਕਿਉਂਕਿ ਉਹ ਜਾਣਦਾ ਸੀ ਕੀ ਉਹ ਗਿਣਤੀ ਤੋਂ ਬਾਹਰ ਹੋ ਗਿਆ ਹੈ। ਪਰ, ਉਸਨੇ ਹਵਾ ਦੀ ਆਵਾਜ਼ ਨੂੰ ਝਾੜੀਆਂ ਦੇ ਉਤੋਂ ਜਾਂਦੇ ਸੁਣਿਆ। ਉਹ ਇਹ ਜਾਣਦਾ ਸੀ ਪਰਮੇਸ਼ਰ ਉਹਦੇ ਅੱਗੇ ਅੱਗੇ ਗਿਆ ਅਤੇ ਉਸ ਲੜਾਈ ਲਈ ਗਿਆ ਹੈ। ਕੱਲ ਰਾਤ ਦੇ ਸੰਦੇਸ਼ ਤੋਂ ਬਾਅਦ, ਮੈਨੂੰ ਲਗਭਗ ਉਹੋ ਜਿਹਾ ਮਹਸੂਸ ਹੋ ਰਿਹਾ ਹੈ। ਮੈਂ ਆਪਣੀ ਜਿੰਦਗੀ ਦੇ ਸੱਭ ਤੋਂ ਹਨੇਰੇ ਵਾਲੇ ਸਮੇਂ ਵਿਚੋਂ ਜਾ ਰਿਹਾ ਹਾਂ। ਜਿਵੇਂ ਯਸ਼ਾਯਾਹ ਦੂਤਾਂ ਨੂੰ ਮੰਦਰ ਵਿੱਚ ਵੇਖਣ ਤੋਂ ਬਾਅਦ ਸੀ, ਮੈਨੂੰ ਉਸੇ ਤਰ੍ਹਾਂ ਲੱਗ ਰਿਹਾ ਹੈ। ਮੈਂ ਅਸ਼ੁਧ ਬੁਲਾਂ ਵਾਲਾ ਮਨੁੱਖ, ਅਸ਼ੁਧ ਬੁਲਾਂ ਵਾਲੇ ਮਨੁੱਖਾਂ ਵਿੱਚ ਹਾਂ। ਪਰ ਸੁਣੋ, ਮੈਨੂੰ...ਮੈਨੂੰ ਕਿਤੇ ਤਾਂ ਉਸਦੇ ਨਾਲ ਮਿਲਣਾ ਹੈ, ਮੈਂ ਉਸ ਹਵਾ ਦੀ ਅਵਾਜ਼ ਦਾ ਇੰਤਜ਼ਾਰ ਕਰ ਰਿਹਾ ਜਿਹੜੀ ਉਸ ਤੂਤ ਦੇ ਦਰਖਤ ਤੇ ਸੀ, ਤਾਂ ਜੋ ਮੈਂ ਵੈਰੀ ਦਾ ਮੁਕਾਬਲਾ ਕਰਾਂ, ਭਾਵੇਂ ਉਹ ਕਿਤੇ ਵੀ ਹੋਵੇ। ਪਰਮੇਸ਼ਰ ਸਾਡੀ ਮਦਦ ਕਰੇ।

35 ਹੁਣ ਮੈਨੂੰ ਲਗਦਾ ਹੈ 12 ਵਜਣ ਲਈ ਇੱਕ ਮਿੰਟ ਬਾਕੀ ਹੈ।ਅਤੇ '62 ਜਿਹੜਾ ਸਮਾਂ ਬੀਤ ਉਸਨੂੰ ਪਿਛੇ ਹੀ ਰਹਿਣ ਦੀਏ।

36 ਆਉ ਅਸੀਂ ਸਾਰੇ, ਆਪਣੇ ਪੈਰਾਂ ਤੇ ਖੜੇ ਹੋ ਜਾਇਏ। ਮੁਕਾਬਲਾ ਜਾਰੀ ਹੈ। ਸਾਡੇ ਵਿੱਚੋਂ ਹਰ ਇੱਕ...ਪੋਲੂਸ ਨੇ ਕਿਹਾ, "ਜਿਹੜੀ ਗਲਾਂ ਬੀਤ ਗਿਆ ਹਨ ਉਸਨੂੰ ਭੁਲਦੇ ਹੋਏ", ਸਾਡੀ ਪਿਛਲੇ ਸਾਲ ਦੀਆਂ ਸਾਰੀਆਂ ਗਲਤੀਆਂ, "ਆਪਣੀ ਮੰਜ਼ਿਲ ਤੇ ਪਹੁੰਚਣ ਲਈ ਉਸ ਇਨਾਮ ਲਈ ਕੋਸ਼ਿਸ ਕਰਨਾ।" ਪਭੂ ਇੰਨ੍ਹੇ ਸਾਲਾਂ ਵਿੱਚ ਜੋ ਵੀ ਮੈਂ ਗਲਤੀਆਂ ਕਰਦਾ ਆਇਆ ਉਸਨੂੰ ਮਾਫ਼ ਕਰ। ਪਭੂ, ਮੈਨੂੰ ਮਾਫ਼ ਕਰ। ਕਲਿਸਿਆ ਮੈਨੂੰ ਮਾਫ਼ ਕਰਨਾ। ਜੋ ਸੇਵਕਾਈ ਮੈਂ ਨਹੀਂ ਕਰ ਸਕਿਆ; ਪ੍ਰਭੂ ਮੈਨੂੰ ਮਾਫ਼ ਕਰੇ। ਕਲਿਸਿਆ ਮੇਰੀ ਗਲਤੀ ਮੈਨੂੰ ਮਾਫ਼ ਕਰੋ। ਅਤੇ ਮੈਂ ਯਿਸੂ ਮਸੀਹ ਵਿੱਚ ਆਪਣੀ ਮੰਜ਼ਿਲ ਤੇ ਪਹੁੰਚਣ ਅਤੇ ਉਸ ਇਨਾਮ ਨੂੰ ਪਾਉਣ ਲਈ ਕੋਸ਼ਿਸ਼ ਕਰਾਂਗਾ। ਮੈਨੂੰ ਨਹੀਂ ਪਤਾ ਕੀ ਕੱਲ ਕੀ ਹੋਵੇਗਾ ਪਰ ਮੈਨੂੰ ਪਤਾ ਹੈ 1963 ਕਿਹਦੇ ਹੱਥ ਵਿੱਚ ਹੈ।

37 ਆਉਅਤੇ ਆਪਣੇ ਹੱਥਾਂ ਨੂੰ ਪ੍ਰਭੂ ਵੱਲ ਉਠਾ ਕੇ ਆਪਣੇ ਆਪਣੇ ਤਰੀਕੇ ਨਾਲ ਪ੍ਰਾਰਥਨਾ ਕਰੀਏ, ਜਿਵੇਂ ਅਸੀਂ ਸੱਭ ਕੁੱਝ ਕਬੂਲ ਕਰਦੇ ਹਾਂ, ਅਤੇ ਪ੍ਰਭੂ ਤੋਂ ਮੰਗਦੇ ਆ ਕੀ ਆਉਣ ਵਾਲੇ ਸਾਲ ਵਿੱਚ ਸਾਡੀ ਮਦਦ ਕਰੇ।

38 ਸਵਰਗੀ ਪਿਤਾ, ਜਿਵੇਂ ਅਸੀਂ ਇੱਥੇ ਖੜ੍ਹੇ ਹਾਂ, ਬਹੁਤ ਸਾਰੀਆਂ ਗਲਤੀਆਂ ਅਤੇ ਵਿਚਾਰ ਸਾਡੇ ਮੰਨ ਵਿੱਚ ਪਿਛਲੇ ਸਾਲ ਦੇ, ਹੁਣ ਜਿਵੇਂ ਅਸੀਂ '62 ਸਾਲ ਦੀ ਸਮਾਪਤੀ ਅਤੇ '63 ਸਾਲ ਦੀ ਸ਼ੁਰੁਆਤ ਵਿੱਚ ਪਹੁੰਚ ਰਹੇ ਆ, ਹੋਣ ਦੇ ਕੇ ਉਸ ਪੋੜੀ ਤੇ ਅਸੀਂ ਇੱਕ ਕਦਮ ਹੋਰ ਉੱਚੇ ਜਾਇਏ, ਜੱਦ ਤੱਕ ਅਸੀਂ ਮਸੀਹ ਨੂੰ ਨਹੀਂ ਉਸ ਕੰਮ ਵਿੱਚ ਨਹੀਂ ਵੇਖ ਲੈਂਦੇ। ਹਰ ਕੋਈ ਜੋ ਇੱਥੇ ਹੈ, ਪ੍ਰਭੂ ਪ੍ਰਾਰਥਨਾ ਵਿੱਚ, ਜਿਵੇਂ ਕੀ ਪੁਰਾਣਾ ਸਾਲ ਖ਼ਤਮ ਹੋ ਰਿਹਾ ਹੈ ਅਤੇ ਨਵੇਂ ਸਾਲ ਦਾ ਜਨਮ ਹੋ ਰਿਹਾ ਹੈ, ਹੋਣ ਦੇ ਕਿ ਪਾਪ ਅਤੇ ਅਵਿਸ਼ਵਾਸ਼ ਦਾ ਪੁਰਾਣਾ ਮਨੁੱਖ ਵੀ ਸਾਡੇ ਮਨਾ ਵਿੱਚੋਂ ਮਰ ਜਾਵੇ, ਅਤੇ 1963 ਦੇ ਨਾਲ ਇੱਕ ਨਵਾਂ ਜੀਵਨ ਆਵੇ, ਉਸ ਮਹਾਨ ਹਨੇਰੀ ਦੇ ਨਾਲ ਜੋ ਸਾਨੂੰ ਭਰ ਦੇਵੇ ਅਤੇ ਮਸੀਹ ਵਿੱਚ ਨਵਾਂ ਪ੍ਰਾਣੀ ਬਣਾਵੇ।

39 ਸਾਨੂੰ ਤੇਰੇ ਸਹੀ ਸੇਵਕ ਬਣਾ। ਸਾਡੀ ਬੀਤੀ ਗਲਤੀਆਂ ਨੂੰ ਮਾਫ਼ ਕਰ। ਆਉਣ ਵਾਲੇ ਸਮੇਂ ਵਿੱਚ ਆਸ਼ੀਸ਼ ਦੇ। ਔਹ ਪਰਮੇਸ਼ਰ ਤੇਰੇ ਮਹਾਨ ਯਹੋਵਾਹ ਵਾਲੇ ਹੱਥ੍ਹ ਨਾਲ ਸਾਡੀ ਅਗੁਵਾਈ ਕਰ। ਇੱਥੇ ਜਿਨ੍ਹੇ ਵੀ ਸੇਵਕ ਨੇ ਉਹਨਾਂ ਨੂੰ ਆਸੀਸ਼ ਦੇ। ਜਿਨ੍ਹੇ ਲੋਕ ਇੱਥੇ ਹਨ ਅਤੇ ਜਿਹੜੇ ਬਾਹਰੋਂ ਆਏ ਨੇ ਉਹਨਾਂ ਨੂੰ ਆਸ਼ੀਸ਼ ਦੇ।ਪ੍ਰਭੂ ਨੂੰ ਸਾਡੇ ਨਾਲ ਰਹਿ। ਅਸੀਂ ਤੇਰੇ ਸੇਵਕ ਹਾਂ ਅਤੇ ਪੂਰੀ ਤਰ੍ਹਾਂ ਆਪਣੇ ਆਪ ਨੂੰ ਤੁਹਾਨੂੰ ਸਮਰਪਿਤ ਕਰਦੇ ਆ 1963 ਲਈ, ਤਾਂ ਜੋ ਤੁਹਾਡੀ ਆਤਮਾ ਦੀ ਸਮਰਥ ਸਾਡੇ ਜੀਵਨ ਦੇ ਅੰਦਰ ਹੋਰ ਵੀ ਸਰਵਸ਼ਰੇਸ਼ਠਤਾ ਲਵੇ। ਸਾਡੀ ਮਦਦ ਕਰ ਪ੍ਰਭੂ। ਅਸੀਂ ਪ੍ਰਾਰਥਨਾ ਕਰਦੇ ਆ ਸਾਨੂੰ ਮਾਫ਼ ਕਰ ਅਤੇ

ਸਾਡੀ ਮਦਦ ਕਰ। ਮਹਾਨ ਮਨੁੱਖਾਂ ਨੂੰ ਖੜ੍ਹਾ ਕਰ! ਵਿਸ਼ਵਾਸ਼ ਦੇ ਮਹਾਨ ਯੋਧਾ ਖੜ੍ਹੇ ਕਰ! ਇਸ ਸਾਲ, ਗੁਪਤ ਮੰਨੇ ਨੂੰ ਖੋਲ, ਚਟਾਨ ਦੇ ਥਲ੍ਹੇ ਜਿਹੜੀ ਚਟਾਨ ਹੈ, ਤਾਂ ਜੋ ਅਸੀਂ ਪਰਮੇਸ਼ਰ ਦੀ ਯੋਜਨਾ ਨੂੰ ਵੇਖ ਸਕੀਏ। ਪ੍ਰਭੂ, ਸਾਡੇ ਜੀਵਨ ਦੇ ਪਿਰਾਮਿਡ ਨੂੰ ਢੱਕ ਦੇ, ਸਿਰੇ ਦੇ ਪੱਥਰ, ਯਿਸੂ ਮਸੀਹ ਨਾਲ, ਸਾਡੇ ਹਰ ਇੱਕ ਦੇ ਉਪਰ। ਉਸਦੀ ਪ੍ਰਤਾਪੀ, ਪਵਿੱਤਰ ਆਸ਼ੀਸ਼ ਸਾਡੇ ਸਾਰੀਆਂ ਉਪਰ ਹੋਵੇ। ਹੋਣ ਦੇ ਕਿ ਪਵਿੱਤਰ ਆਤਮਾ ਦੀ ਅੱਗ ਸਾਡੇ ਉਪਰ ਆਵੇ। ਹੋਣ ਦੇ ਕਿ ਜੀ ਉਠਣ ਦੀ ਮਹਾਨ ਸਮਰਥ ਪ੍ਰਗਟ ਹੋ ਜਾਵੇ। ਪ੍ਰਭੂ, ਅੱਜ ਰਾਤ ਅਸੀਂ ਤੇਰੇ ਕਿਨ੍ਹੇ ਧੰਨਵਾਦੀ ਹਾਂ। ਅਸੀਂ ਤੇਰੇ ਹਾਂ। ਪ੍ਰਭੂ, ਅਸੀਂ ਆਪਣੇ ਆਪ ਨੂੰ ਪੂਰੀ ਤਰ੍ਹਾਂ ਸਮਰਪਤ ਕਰਦੇ ਆ।

40 ਜਿਵੇਂ ਕਿ ਮੈਂ ਬਾਹਰ ਹੋਰ ਥਾਵਾਂ ਤੇ ਜਾਂਦਾ ਹਾਂ ਮੈਨੂੰ ਨਹੀਂ ਪਤਾ ਕਿੱਥੇ ਜਾਣਾ ਹੈ ਅਤੇ ਕੀ ਕਰਨਾ ਹੈ, ਮਹਾਨ ਪਰਮੇਸ਼ਰ ਮੈਂ ਤੇਰੇ ਤੇ ਭਰੋਸਾ ਕਰਦਾ ਹਾਂ ਕਿ ਤੂੰ ਮੇਰੀ ਅਗੁਵਾਈ ਕਰੇਂਗਾ, ਤੇਰਾ ਆਯੋਗ ਸੇਵਕ, ਤਾਂ ਜੋ ਤੇਰੇ ਆਦਰ ਅਤੇ ਮਹਾਨ ਮਹਿਮਾ ਲਈ ਇਸਤੇਮਾਲ ਹੋ ਸਕਾ। ਪ੍ਰਭੂ, ਪਿਤਾ ਤੂੰ ਇਸਨੂੰ ਪੂਰਾ ਕਰ।

41 ਸਾਡੀ ਪ੍ਰਾਰਥਨਾਵਾਂ ਨੂੰ ਸਵੀਕਾਰ ਕਰ। ਸਾਡੀ ਕੋਸ਼ਿਸ਼ਾਂ ਨੂੰ ਆਸ਼ੀਸ਼ ਕਰ। ਦੁਖੀ ਅਤੇ ਬਿਮਾਰਾਂ ਨੂੰ ਚੰਗਾ ਕਰ, ਆਤਮਿਕ ਅਤੇ ਸ਼ਰੀਰਿਕ ਤੋਰ ਤੇ। ਸਾਨੂੰ ਤੇਰੇ ਸੇਵਕ ਬਣਾ। ਅਸੀਂ ਮਿੱਟੀ ਆ ਅਤੇ ਤੂੰ ਕੁਮਹਾਰ ਹੈ। ਸਾਨੂੰ ਉਸੇ ਤਰ੍ਹਾਂ ਬਣਾ ਜਿਵੇ ਨੂੰ ਚਹੁੰਦਾ ਹੈ, ਤਾਂ ਜੋ ਅਸੀਂ ਮਸੀਹ ਵਿੱਚ ਠੀਕ ਬੈਠ ਸਕੀਏ, ਜਿਵੇਂ ਅਸੀਂ ਉਸਦੀ ਦੇਹ ਨੂੰ ਯਾਦ ਕਰਦੇ ਹਾਂ। ਅਸੀਂ ਯਿਸੂ ਮਸੀਹ ਦੇ ਨਾ ਵਿੱਚ ਉਸਦੇ ਲਈ ਅਤੇ ਉਸਦੇ ਵਚਨ ਲਈ ਮੰਗਦੇ ਹਾਂ ਆਮੀਨ।

[ਇੱਕ ਭਾਈ ਪਰਾਈ ਭਾਸ਼ਾ ਵਿੱਚ ਬੋਲਦਾ ਹੈ ਅਤੇ ਦੂਸਰਾ ਭਾਈ ਉਸਦਾ ਤਰਜਮਾ ਕਰਦਾ ਹੈ—ਸੰਪਾ]

42 ਪਿਤਾ ਪਰਮੇਸ਼ਰ, ਤੇਰਾ ਧੰਨਵਾਦ। ਨਵੇਂ ਸਾਲ ਦੀ ਸਮਾਲੋਚਨਾ ਲਈ ਤੇਰਾ ਧੰਨਵਾਦ ਕਰਦੇ ਹਾਂ ਜਿਹੜੀ ਸਾਨੂੰ ਇੱਕ ਆਸ ਅਤੇ ਦਿਲਾਸਾ ਦਿੰਦੀ ਹੈ ਇਹ ਜਾਣਦੇ ਹੋਏ ਕਿ ਜਿਹੜੇ ਵਚਨ ਬੋਲੇ ਗਏ ਇਹਨਾਂ ਮਨੁੱਖਾਂ ਨੂੰ ਜੋ ਨਹੀਂ ਜਾਣਦੇ ਇਹ ਸੱਚ ਹੈ, ਤੂੰ ਸਾਨੂੰ ਦੱਸ ਰਿਹਾ ਹੈ ਕਿ ਅਸੀਂ ਇਸਦੇ ਨਾਲ ਖੜ੍ਹੇ ਰਹਿਏ। ਇਹ ਜਾਣਨ ਲਈ ਕਿ ਕਿਵੇਂ ਤੇਰੇ ਨਾਲ ਤੇਰੇ ਅਤੇ ਤੇਰੇ ਵਚਨ ਨਾਲ ਖੜ੍ਹੇ ਰਹਿਣਾ ਹੈ ਅਸੀਂ ਕੁੱਝ ਵੀ ਕਰਾਂਗੇ।

43 ਜਿਸਨੇ ਸਾਨੂੰ ਸਖਾਇਆ ਕਿੰਵੇ ਪ੍ਰਾਰਥਨਾ ਕਰਨੀ ਹੈ ਨਾਂ ਵਿੱਚ ਸਾਨੂੰ ਸਵੀਕਾਰ ਕਰ, [ਭਾਈ ਬ੍ਰਾਨਹਮ ਅਤੇ ਸਭਾ ਪ੍ਰਾਰਥਨਾ ਕਰਦੀ ਹੈ—ਸੰਪਾ] "ਹੇ ਸਾਡੇ ਪਿਤਾ ਤੂੰ ਜੋ ਅਸਮਾਨ ਤੇ ਹੈ, ਤੇਰਾ ਨਾਮ ਪਾਕ ਮੰਨਿਆ ਜਾਵੇ।

ਤੇਰਾ ਰਾਜ਼ ਆਵੇ। ਜਿਵੇਂ ਤੇਰੀ ਮਰਜ਼ੀ ਸਵਰਗ ਵਿੱਚ ਪੂਰੀ ਹੁੰਦੀ ਹੈ, ਉਸੇ ਤਰ੍ਹਾਂ ਧਰਤੀ ਤੇ ਵੀ ਪੂਰੀ ਹੋਵੇ। ਸਾਡੇ ਰੋਜ਼ ਦੀ ਰੋਟੀ ਅੱਜ ਸਾਨੂੰ ਦੇ। ਸਾਡੇ ਕਰਜ ਸਾਨੂੰ ਮਾਫ਼ ਕਰ, ਜਿਵੇਂ ਅਸੀਂ ਆਪਣੇ ਕਰਜਾਈਆਂ ਨੂੰ ਮਾਫ਼ ਕੀਤਾ ਹੈ। ਸਾਨੂੰ ਪਰਤਾਵੇ ਵਿੱਚ ਨਾ ਪਾ ਸਗੋਂ ਬੁਰਿਆਈ ਤੋਂ ਬਚਾ; ਕਿਓਂ ਜੋ ਬਾਦਸ਼ਾਹਤ, ਕੁਦਰਤ ਅਤੇ ਜਲਾਲ ਹਮੇਸ਼ਾ ਤੇਰਾ ਹੀ ਰਹੇਗਾ"। ਆਮੀਨ।

44 ਪ੍ਰਭੂ ਤੁਹਾਨੂੰ ਆਸ਼ੀਸ਼ ਦੇਵੇ ਅਤੇ ਸਾਂਭ ਕੇ ਰਖੇ। ਪਰ ਹੁਣ ਜਿਹਨਾਂ ਨੇ ਆਪਣੇ ਘਰਾਂ ਨੂੰ ਜਾਣਾ ਹੈ...ਹੁਣ ਪੰਜ ਮਿੰਟ ਹੋ ਗਏ ਨੇ '63 ਸਾਲ ਦੇ। ਪ੍ਰਭੂ ਤੁਹਾਨੂੰ ਆਸ਼ੀਸ਼ ਦੇਵੇ। ਅਤੇ—ਜੋ ਲੋਕ ਪ੍ਰਭੂ ਭੋਜ ਲਈ ਰੁਕਣਾ ਚਾਹੁੰਦੇ ਹਨ ਉਹ ਰੁਕ ਸਕਦੇ ਹਨ, ਤੁਹਨੂੰ ਸਾਡੇ ਵਿੱਚ ਹੋਣ ਤੇ ਸਾਨੂੰ ਬਹੁਤ ਖੁਸ਼ੀ ਹੋਵੇਗੀ। ਇਹ ਕੁੱਝ ਲੋਕਾਂ ਲਈ ਪ੍ਰਭੂ ਭੋਜ ਨਹੀਂ ਹੈ, ਪਰ ਹਰ ਇੱਕ ਵਿਸ਼ਵਾਸ਼ੀ ਲਈ ਜੋ ਮਸੀਹ ਵਿੱਚ ਸੰਗਤੀ ਕਰਦਾ ਹੈ। ਇੱਥੇ ਰੁਕਣ ਅਤੇ ਪ੍ਰਭੂ ਭੋਜ ਲੈਣ ਲਈ ਅਸੀਂ ਤੁਹਾਡਾ ਸੁਆਗਤ ਕਰਦੇ ਆ। ਅਤੇ ਇਸਦਾ ਕਾਰਣ ਅਸੀਂ ਇਹ ਕਿਓਂ ਕਰ ਰਹੇ ਹਾਂ ਕਿਓਂਕਿ ਅਸੀਂ ਨਵੇਂ ਸਾਲ ਦੀ ਸ਼ੁਰੁਆਤ ਕਰ ਰਹੇ ਆ, ਅਸੀਂ ਆਪਣੀ ਯਾਤਰਾ ਨੂੰ ਸ਼ੁਰੂ ਕਰ ਰਹੇ ਹਾਂ।ਅਤੇ ਇਸਰਾਏਲ ਨੇ, ਆਪਣੀਂ ਯਾਤਰਾ ਸ਼ੁਰੂ ਕਰਨ ਤੋਂ ਪਹਿਲਾਂ ਮੇਮਨੇ ਨੂੰ ਮਾਰ ਕੇ ਕੋੜੇ ਸਾਗਪਾਤ ਦੇ ਨਾਲ ਖਾਦਾ ਸੀ। ਅਤੇ ਮੈਂ ਸੋਚਦਾ ਹਾਂ ਕੀ "ਅੱਜ ਇਹ ਕਿਨ੍ਹਾਂ ਸਹੀ ਹੈ"! ਉਸ ਮੇਮਨੇ ਨੂੰ ਮਾਰਿਆ ਗਿਆ ਹੈ, ਅਤੇ ਉਸ ਭੋਜ ਨੂੰ ਤਿਆਰ ਕੀਤਾ ਗਿਆ ਹੈ ਅਤੇ ਇਹ ਅਧੀ ਰਾਤ ਹੈ। ਉਸੇ ਸਮੇਂ ਉਹ ਇਸਨੂੰ ਖਾਂਦੇ ਸਨ, ਤੁਹਾਨੂੰ ਪਤਾ ਹੈ ਅਧੀ ਰਾਤ ਨੂੰ। ਤਾਂ ਆਉ ਅਸੀਂ ਜੋ ਲੋਕ ਸਾਡੇ ਨਾਲ ਰਹਿਣਾ ਚਾਹੁੰਦੇ ਹਨ ਅਤੇ ਤਿਆਰ ਨੇ ਉਸ ਅੱਗੇ ਯਾਤਰਾ ਜੋ ਪ੍ਰਭੂ ਭੋਜ ਦੀ ਹੈ, ਤੁਹਾਨੂੰ ਸਾਡੇ ਨਾਲ ਪ੍ਰਭੂ ਭੋਜ ਵਿੱਚ ਹੋਣ ਤੇ ਸਾਨੂੰ ਖੁਸ਼ੀ ਹੈ।

45 ਅਤੇ ਤੁਸੀਂ ਜਿਨ੍ਹਾਂ ਨੇ ਜਾਣਾ ਹੈ, ਤੁਸੀਂ ਜਾ ਸਕਦੇ ਹੋ, ਪ੍ਰਭੂ ਤੁਹਾਡੇ ਨਾਲ ਰਹੇਜੱਦ ਤੱਕ ਅਸੀਂ ਵਾਪਿਸ ਨਹੀਂ ਮਿਲਦੇ। ਆਮੀਨ। ਬਾਕੀ ਤੁਸੀਂ ਲੋਕ ਬੈਠ ਸਕਦੇ ਹੀ ਫਿਰ ਅਸੀਂ ਪ੍ਰਭੂ ਭੋਜ ਨੂੰ ਸ਼ੁਰੂ ਕਰ ਸਕਦੇ ਹਾਂ। ਭੈਣ ਕਰੇਗੀ...ਠੀਕ ਹੈ ਸ਼੍ਰੀ ਮਾਨ।

> ਜਦੋਂ ਤੱਕ ਅਸੀਂ ਮਿਲਦੇ! ਜਦੋਂ ਤੱਕ ਅਸੀਂ ਮਿਲਦੇ!
> ਜਦੋਂ ਤੱਕ ਅਸੀਂ ਯਿਸੂ ਦੇ ਚਰਨਾਂ ਵਿੱਚ ਮਿਲਦੇ; (ਜਦੋਂ ਤੱਕ ਅਸੀਂ ਮਿਲਦੇ)
> ਜਦੋਂ ਤੱਕ ਅਸੀਂ ਮਿਲਦੇ! ਜਦੋਂ ਤੱਕ ਅਸੀਂ ਮਿਲਦੇ!
> ਪ੍ਰਭੂ ਤੁਹਾਡੇ ਨਾਲ ਰਹੇ ਜੱਦ ਤੱਕ ਅਸੀਂ ਫਿਰ ਨਹੀਂ ਮਿਲਦੇ!

46 ਜਿਵੇਂ ਕੀ ਅਸੀਂ ਇੰਤਜ਼ਾਰ ਕਰ ਰਹੇ ਆ, ਆਉ ਅਸੀਂ ਫਿਰ ਗਾਇਏ, ਉਹਨਾਂ ਲਈ ਜੋ ਬਾਹਰ ਜਾ ਰਹੇ ਹਨ। ਫਿਰ ਖਾਮੋਸ਼ੀ ਹੋ ਜਾਵੇਗੀ ਕਿਓਂਕਿ ਇਹ ਪਵਿੱਤਰ ਰਸਮ ਹੈ।ਮੈਂ ਕੁੱਝ ਪਲਾਂ ਵਿੱਚ ਵਚਨ ਵਿਚੋਂ ਕੁੱਝ ਪੜ੍ਹਨ ਵਾਲਾ ਹਾਂ ਅਤੇ ਉਹ ਬਹੁਤ ਬਹੁਤ ਬਹੁਤ ਵਧਿਆ ਹੈ। ਆਉ ਅਸੀਂ ਉਸਨੂੰ ਇੱਕ ਵਾਰ ਹੋਰ ਗਾਇਏ।

ਜਦੋਂ ਤੱਕ ਅਸੀਂ ਮਿਲਦੇ! ਜਦੋਂ...

ਆਉ ਅਸੀਂ ਇੱਕ ਦੂਜੇ ਨਾਲ ਹੱਥ ਮਿਲਾਇਏ। ਜੇਕਰ ਤੁਸੀਂ ਆਪਣੇ ਜੀਵਨ ਵਿੱਚ ਕਿਸੇ ਲਈ ਗਲਤ ਕੀਤਾ ਹੈਅਤੇ ਉਹ ਮਨੁੱਖ ਇੱਥੇ ਹੈ, ਤਾਂ ਉਸਦੇ ਕੋਲ ਜਾ ਕੇ ਉਸਨੂੰ ਠੀਕ ਕਰੋ।

ਜਦੋਂ ਤੱਕ ਅਸੀਂ ਮਿਲਦੇ! ਜਦੋਂ ਤੱਕ ਅਸੀਂ ਮਿਲਦੇ!
ਪ੍ਰਭੂ...

ਕਿਰਪਾ ਕਰਕੇ, ਪਿਆਨੋ ਵਜਾਉਣ ਵਾਲਾ ਆ ਸਕਦਾ ਹੈ, ਪਿਆਨੋ ਵਜਾਉਣ ਲਈ?

...ਤੁਹਾਡੇ ਨਾਲ ਰਹੇ ਜਦੋਂ ਤੱਕ ਅਸੀਂ ਫਿਰ ਨਹੀਂ ਮਿਲਦੇ!

ਜਦੋਂ ਤੱਕ ਅਸੀਂ...

47 [ਭਾਈ ਨੇਵਿਲ ਕਹਿੰਦੇ ਹਨ, "ਪ੍ਰਭੂ ਤੁਹਾਨੂੰ ਆਸ਼ੀਸ਼ ਦੇਵੇ ਭਾਈ ਬ੍ਰਾਨਹਮ"—ਸੰਪਾ] ਭਾਈ ਨੇਵਿਲ ਮੈਂ ਸੱਭ ਤੁਹਾਡੇ ਹੱਥ ਵਿੱਚ ਦਿੰਦਾ ਹਾਂ। [ਪ੍ਰਭੂ ਤੁਹਾਨੂੰ ਆਸ਼ੀਸ਼ ਦੇਵੇ, ਮੈਂ ਵਿਸ਼ਵਾਸ ਕਰਦਾ ਹਾਂ...?..."]...?...

ਜਦੋਂ ਤੱਕ ਅਸੀਂ ਮਿਲਦੇ!
ਪ੍ਰਭੂ ਤੁਹਾਡੇ ਨਾਲ ਰਹੇ ਕਦੋਂ ਤੱਕ ਅਸੀਂ ਫਿਰ ਨਹੀਂ ਮਿਲਦੇ

ਪ੍ਰਭੂ ਤੁਹਾਨੂੰ ਆਸ਼ੀਸ਼ ਦੇਵੇ ਭਾਈ

ਉਹ ਤੁਹਾਡਾ ਖ਼ਿਆਲ ਰਖਦਾ ਹੈ,
ਉਹ ਤੁਹਾਡਾ ਖ਼ਿਆਲ ਰਖਦਾ ਹੈ;
ਹਨੇਰੇ ਅਤੇ ਰੋਸ਼ਨੀ ਵਿੱਚ,
ਉਹ ਤੁਹਾਡਾ ਖ਼ਿਆਲ ਰਖਦਾ ਹੈ

ਆਉ ਇਸਨੂੰ ਫਿਰ ਗਾਇਏ

ਉਹ ਤੁਹਾਡਾ ਖ਼ਿਆਲ ਰਖਦਾ ਹੈ,
ਉਹ ਤੁਹਾਡਾ ਖ਼ਿਆਲ ਰਖਦਾ ਹੈ;
ਹਨੇਰੇ ਅਤੇ ਰੋਸ਼ਨੀ ਵਿੱਚ,
ਉਹ ਤੁਹਾਡਾ ਖ਼ਿਆਲ ਰਖਦਾ ਹੈ।

48 ਇਹ ਕਿਨ੍ਹਾਂ ਸੋਹਣਾ ਹੈ? ਆਉ ਅਸੀਂ ਇਸਨੂੰ ਇੱਕ ਵਾਰ ਹੋਰ ਗਾਇਏ ਜਿਵੇਂ ਅਸੀਂ ਉਸ ਸ਼ਾਂਤੀ ਨੂੰ ਬਣਾਏ ਰਖਦੇ ਆ।

ਉਹ…(ਆਪਣੀ ਅੱਖਾਂ ਨੂੰ ਬੰਦ ਕਰਦੇ ਹੋਏ)…ਖ਼ਿਆਲ
ਰਖਦਾ ਹੈ,
ਉਹ ਤੁਹਾਡਾ ਖ਼ਿਆਲ ਰਖਦਾ ਹੈ;
ਹਨੇਰੇ ਅਤੇ ਰੋਸ਼ਨੀ ਵਿੱਚ,
ਉਹ ਤੁਹਾਡਾ ਖ਼ਿਆਲ ਰਖਦਾ ਹੈ।

49 ਸਵਰਗੀ ਪਿਤਾ, ਸਾਨੂੰ ਸਚਾਈ ਨੂੰ ਪਾ ਕੇ ਬਹੁਤ ਖੁਸ਼ੀ ਹੈ, ਸਾਡੇ ਹਨੇਰੇ ਵਾਲੀ ਘੜੀ ਵਿੱਚ ਜਾਂ ਸਾਡੀ ਰੋਸ਼ਨੀ ਵਾਲੀ ਘੜੀ ਵਿੱਚ ਵੀ, ਉਹ ਨਾ ਤਾਂ ਕਦੇ ਛੱਡਦਾ ਹੈ ਅਤੇ ਨਾ ਹੀ ਤਿਆਗਦਾ ਹੈ। ਅਸੀਂ ਬਹੁਤ ਖੁਸ਼ ਹਾਂ ਕਿ ਸਾਡਾ ਦ੍ਰਿੜ ਵਿਸ਼ਵਾਸ ਕਿਸੇ ਹੋਰ ਤੇ ਨਹੀਂ ਪਰ ਯਿਸੂ ਦੇ ਧਾਰਮਿਕ ਲਹੂ ਤੇ ਹੈ। ਅਸੀਂ ਵਿਸ਼ਵਾਸ ਕਰਦੇ ਆ, ਪ੍ਰਭੂ, ਅਸੀਂ ਦੁਨਿਆ ਦੀ ਪ੍ਰਸਿਧੀ ਤੇ ਨਹੀਂ। ਅਸੀਂ ਵਿਸ਼ਵਾਸ ਕਰਦੇ ਆ, ਅਸੀਂ ਹਿੰਮਤ ਨਹੀਂ ਕਰਦੇ ਇਸ ਪ੍ਰਸਿਧੀ ਲਈ, ਪਰ ਪੂਰੀ ਤਰ੍ਹਾਂ ਯਿਸੂ ਮਸੀਹ ਦਾ ਸਹਾਰਾ ਲੈਨੇ ਆ। ਪਿਤਾ, ਅਸੀਂ ਤੇਰਾ ਕਿਨ੍ਹਾਂ ਧੰਨਵਾਦ ਕਰਦੇ ਆ।

50 ਹੁਣ ਅਸੀਂ ਉਸ ਰਸਮ ਨੂੰ ਕਰਣ ਜਾ ਰਹੇ ਆ ਜੋ ਸਾਨੂੰ ਕਰਦੇ ਰਹਿਣ ਲਈ ਕਿਹਾ ਸੀ। ਉਹਨਾਂ ਵਿਚੋਂ ਇੱਕ ਬਪਤਿਸਮਾ ਹੈ, ਅਤੇ ਦੂਸਰਾ ਪਭੁ ਭੋਜ ਹੈ, ਅਤੇ ਉਸ ਤੋਂ ਬਾਅਦ ਪੈਰਾਂ ਦਾ ਧੋਣਾ ਹੈ। ਔਹ ਪ੍ਰਭੂ ਜਿੰਵੇ ਅਸੀਂ ਇਸਦੇ ਅੰਦਰ ਜਾਨੇ ਆ ਇਹ ਜਾਣਦੇ ਹੋਏ ਕਿ ਉਹ ਮੇਮਨਾ ਬਲਿ ਦਾ ਮੇਮਨਾ ਹੈ। ਉਹ ਮਹਾਨ ਜੰਗਲ ਦੀ ਯਾਤਰਾ ਜੋ ਤੇਰੇ ਬਚਿਆਂ ਦੇ ਸਾਮ੍ਹਣੇ ਹੈ। ਉਸ ਪਰਬ ਤੋਂ ਪਹਿਲਾਂ ਮੇਮਨਾ ਨਹੀਂ ਲਿਆ ਜਾ ਸਕਦਾ ਹੈ।

51 ਪ੍ਰਭੂ ਸਾਡੇ ਹਿਰਦੇ ਨੂੰ ਜਾਂਚ। ਕਿ ਉਥੇ ਲਹੂ ਹੈ, ਪ੍ਰਭੂ? ਜੇ ਉੱਥੇ ਨਹੀਂ ਹੈ ਤਾਂ ਅਸੀਂ ਪ੍ਰਾਰਥਨਾ ਕਰਦੇ ਆ ਕੀ ਹੁਣ ਉੱਥੇ ਲਹੁਲਗਾ, ਸਾਡੇ ਪਾਪਾਂ ਨੂੰ ਕੱਡ ਕੇ ਅਤੇ ਢੱਕ ਕੇ, ਤਾਂ ਜੋ ਉਹ ਸਾਡੇ ਤੋਂ ਵੱਖ ਹੋ ਜਾਵੇ, ਪ੍ਰਭੂ, ਇਸ ਸੰਸਾਰ ਦੇ ਪਾਪ। ਤਾਂ ਜੋ ਅਸੀਂ ਪਵਿੱਤਰ ਹੋ ਜਾਇਏਅਤੇ ਪਿਤਾ ਦੇ ਸਾਮ੍ਹਣੇ ਖੜ੍ਹੇ ਰਹਿ ਸਕੀਏ ਜਿਵੇਂ ਕੀ ਅਸੀਂ ਮੇਮਨੇ ਦੇ ਲਹੂ ਅਤੇ ਮਾਸ ਨੂੰ ਲੈਂਦੇ ਹਾਂ, ਪਰਮੇਸ਼ਰ ਦਾ ਪੁੱਤਰ, ਸਾਡਾ ਮੁਕਤੀਦਾਤਾ। ਜਿਵੇਂ ਅਸੀਂ ਇਸਨੂੰ ਪੜ੍ਹਦੇ ਆ ਤੂੰ ਸਾਡੇ ਹਿਰਦੇ

ਨੂੰ ਜਾਂਚ, ਅਤੇ ਫਿਰ ਸਾਨੂੰ ਆਪਣਾ ਬਣਾ। ਅਸੀਂ ਯਿਸੂ ਮਸੀਹ ਮੇਮਨੇ ਦੇ ਨਾਮ ਵਿੱਚ ਮੰਗਦੇ ਆ ਆਮੀਨ।

52 ਕੁਰਿੰਥੀਆਂ ਦੀ ਪੁਸਤਕ ਵਿਚੋਂ 11 ਬਾਬ, ਕੁੱਝ ਆਇਤਾਂ ਨੂੰ ਪੜ੍ਹਨਾਂ ਚਾਹੁੰਦਾ ਹਾਂ 23 ਆਇਤ ਤੋਂ ਸ਼ੁਰੂ ਕਰਕੇ। ਪੌਲੂਸ ਕੁਰਿੰਥੀਆਂ ਦੀ ਕਲਿਸਿਆ ਨੂੰ ਕਹਿੰਦਾ ਹੈ।

*ਮੈਂ ਤਾਂ ਇਹ ਗੱਲ ਪ੍ਰਭੂ ਤੋਂ ਪਾਈ ਸੀ ਜਿਹੜੀ ਤੁਹਾਨੂੰ ਸੌਂਪ ਦਿੱਤੀ ਭਈ ਪ੍ਰਭੂ ਯਿਸੂ ਨੇ...ਜਿਸ ਰਾਤ ਉਹ ਫੜਵਾਇਆ ਗਿਆ ਸੀ ਰੋਟੀ ਲਈ।*

*ਅਤੇ ਸ਼ੁਕਰ ਕਰ ਕੇ ਤੋੜੀ ਅਤੇ ਕਿਹਾ, ਇਹ ਮੇਰਾ ਸਰੀਰ ਹੈ, ਜੋ ਤੁਹਾਡੇ ਲਈ ਹੈ: ਮੇਰੀ ਯਾਦਗੀਰੀ ਲਈ ਇਹ ਕਰਿਆ ਕਰੋ।*

*ਇਸੇ ਤਰਾਂ ਉਸ ਨੇ ਭੋਜਨ ਖਾਣ ਦੇ ਪਿੱਛੋਂ ਪਿਆਲਾ ਭੀ ਲਿਆ...*

ਮਾਫ ਕਰਨਾ। ਮੈਨੂੰ ਇਹ ਪੜ੍ਹ ਲੈਣ ਦੋ।

*ਇਸੇ ਤਰਾਂ ਉਸ ਨੇ ਭੋਜਨ ਖਾਣ ਦੇ ਪਿੱਛੋਂ ਪਿਆਲਾ ਭੀ ਲਿਆ, ਅਤੇ ਕਿਹਾ ਜੋ ਇਹ ਪਿਆਲਾ ਮੇਰੇ ਲਹੂ ਵਿੱਚ ਨਵਾਂ ਨੇਮ ਹੈ। ਜਦ ਕਦੇ ਤੁਸੀਂ ਇਹ ਨੂੰ ਪੀਵੋ ਤਾਂ ਮੇਰੀ ਯਾਦਗੀਰੀ ਲਈ ਇਹ ਕਰਿਆ ਕਰੋ।*

*ਹਰ ਵਾਰੀ ਜਦੋਂ ਤੁਸੀਂ ਇਹ ਰੋਟੀ ਖਾਂਦੇ ਹੋ ਅਤੇ ਇਹ ਪਿਆਲਾ ਪੀਂਦੇ ਹੋ, ਤੁਸੀਂ ਪ੍ਰਭੂ ਦੀ ਮ੍ਰਿਤੂ ਬਾਰੇ ਜਾਣਕਾਰੀ ਦਿੰਦੇ ਰਹਿੰਦੇ ਹੋ ਜਦੋਂ ਤੱਕ ਉਹ ਨਾ ਆਵੇ।*

*ਇਸ ਲਈ ਜੇਕਰ ਇੱਕ ਵਿਅਕਤੀ ਇਹ ਰੋਟੀ ਖਾਂਦਾ ਹੈ ਅਤੇ ਪ੍ਰਭੂ ਦੇ ਪਿਆਲੇ ਨੂੰ ਅਯੋਗ ਢੰਗ ਨਾਲ ਪੀਂਦਾ ਹੈ, ਉਹ ਪ੍ਰਭੂ ਦੇ ਸਰੀਰ ਅਤੇ ਲਹੂ ਦੇ ਖਿਲਾਫ਼ ਪਾਪ ਕਰਦਾ ਹੈ।*

*ਹਰ ਵਿਅਕਤੀ ਨੂੰ ਆਪਣੇ ਦਿਲ ਅੰਦਰ ਦੇਖਣਾ ਚਾਹੀਦਾ ਹੈ, ਇਸਤੋਂ ਪਹਿਲਾਂ ਕਿ ਉਹ ਇਹ ਰੋਟੀ ਖਾਵੇ ਅਤੇ ਇਹ ਪਿਆਲਾ ਪੀਵੇ।*

*ਜੇ ਇੱਕ ਵਿਅਕਤੀ ਇਹ ਰੋਟੀ ਖਾਂਦਾ ਹੈ ਅਤੇ ਇਸ ਪਿਆਲੇ ਵਿੱਚੋਂ ਸਰੀਰ ਨੂੰ ਮਹਿਸੂਸ ਕੀਤੇ ਬਿਨਾ ਪੀਂਦਾ ਹੈ, ਫ਼ੇਰ ਉਹ ਖਾਣ ਅਤੇ ਪੀਣ ਵਿੱਚ ਦੋਸ਼ੀ ਪਰੱਖਿਆ ਜਾਵੇਗਾ।*

*ਇਹੀ ਕਾਰਣ ਹੈ ਕਿ ਤੁਹਾਡੇ ਵਿੱਚੋਂ ਬਹੁਤ ਸਾਰੇ ਕਮਜ਼ੋਰ...ਅਤੇ ਬਿਮਾਰ ਹਨ। ਅਤੇ ਬਹੁਤ ਸਾਰੇ ਮਰ ਚੁੱਕੇ ਹਨ।*

*ਪਰ ਜੇਕਰ ਅਸੀਂ ਸਹੀ ਢੰਗ ਨਾਲ ਆਪਣੇ ਆਪ ਨੂੰ ਪਰੱਖਿਆ ਹੁੰਦਾ, ਤਾਂ ਪਰਮੇਸ਼ੁਰ ਸਾਨੂੰ ਨਹੀਂ ਪਰੱਖੇਗਾ।*

*ਪਰ ਜਦੋਂ ਪ੍ਰਭੂ ਸਾਡਾ ਨਿਆਂ ਕਰਦਾ ਹੈ, ਉਹ ਸਾਨੂੰ ਅਨੁਸ਼ਾਸਿਤ ਕਰਦਾ ਹੈ ਤਾਂ ਜੋ ਅਸੀਂ ਸਹੀ ਰਸਤੇ ਉੱਤੇ ਚੱਲ ਸੱਕੀਏ। ਉਹ ਅਜਿਹਾ ਇਸ ਲਈ ਕਰਦਾ ਹੈ ਤਾਂ ਜੋ ਅਸੀਂ ਦੁਨੀਆਂ ਦੇ ਹੋਰਨਾਂ ਲੋਕਾਂ ਵਾਂਗ ਨਾ ਨਿੰਦੇ ਜਾਈਏ।*

*ਇਸ ਲਈ ਮੇਰੇ ਭਰਾਵੋ ਅਤੇ ਭੈਣੋ ਜਦੋਂ ਤੁਸੀਂ ਭੋਜਨ ਕਰਨ ਲਈ ਇਕੱਠੇ ਹੁੰਦੇ ਹੋ, ਇੱਕ ਦੂਸਰੇ ਦਾ ਇੰਤਜ਼ਾਰ ਕਰੋ।*

*ਜੇ ਕੋਈ ਵਿਅਕਤੀ ਬਹੁਤ ਹੀ ਭੁੱਖਾ ਹੈ ਤਾਂ ਉਸ ਨੂੰ ਘਰ ਵਿੱਚ ਭੋਜਨ ਕਰਨਾ ਚਾਹੀਦਾ ਹੈ। ਜੇਕਰ ਤੁਸੀਂ ਇਹ ਕਰੋਂਗੇ, ਫ਼ੇਰ ਜਦੋਂ ਤੁਸੀਂ ਇਕੱਠੇ ਆਵੋਂਗੇ, ਤੁਸੀਂ ਆਪਣੇ ਉੱਤੇ ਪਰਮੇਸ਼ੁਰ ਦਾ ਨਿਆਂ ਨਹੀਂ ਲਿਆਵੋਂਗੇ। ਜਦੋਂ ਮੈਂ ਆਵਾਂਗਾ, ਮੈਂ ਤੁਹਾਨੂੰ ਹੋਰਨਾ ਮਾਮਲਿਆਂ ਬਾਰੇ ਹਿਦਾਇਤਾਂ ਦੇਵਾਂਗਾ।*

53 ਜਿਵੇਂ ਮੈਂ ਇਸਦੇ ਬਾਰੇ ਸੋਚਦਾ ਹਾਂ, ਸੱਭ ਤੋਂ ਪਵਿੱਤਰਸਮਾਂ! ਅਤੇ ਇਹ ਲਿਖਿਆ ਹੈ ਕਦੋਂ ਪਹਿਲੀ ਵਾਰ ਪ੍ਰਭੂ ਭੋਜ ਦਿਤਾ ਸੀ ਅਤੇ ਪੈਰਾਂ ਦਾ ਧੋਣਾ...ਜੋ ਸਾਨੂੰ ਅੱਜ ਛਡਣਾ ਪੈਣਾ ਹੈ, ਕਿਓਂਕਿ ਸਾਡੇ ਕੋਲ ਪਾਣੀ ਨਹੀਂ ਹੈ। ਅੱਜ ਰਾਤ ਪਾਣੀ ਬੰਦ ਹੋ ਗਿਆ, ਅਤੇ ਸਾਨੂੰ ਸ਼ੋਚਘਰ ਦੀ ਸਹੂਲਤ ਨਹੀਂ ਸੀ, ਕਿਓਂਕਿ ਉਹਨਾਂ ਨੂੰ ਜੋੜਣਾ ਪਿਆ ਜੋ ਕੁੱਝ ਵੀ ਉਹ ਕਰ ਸਕੇ, ਤਾਂ ਜੋ ਅੱਜ ਰਾਤ ਅਸੀਂ ਸਭਾ ਰੱਖ ਸਕੀਏ। ਪਰ ਅਸੀਂ ਉਸੇ ਤਰ੍ਹਾਂ ਕਰਾਂਗੇ ਜਿਵੇਂ ਉਹਨਾਂ ਨੇ ਕੀਤਾ ਸੀ, ਮੈਂ ਵਿਸ਼ਵਾਸ ਕਰਦਾ ਲੂਕਾ ਨੇ ਇਹ ਕਿਹਾ ਕਿ “ਉਹਨਾਂ ਨੇ ਵਡਿਆਈ ਦਾ ਗੀਤ ਗਾਇਆ ਅਤੇ ਬਾਹਰ ਗਏ।” ਪਰ ਤੁਹਾਨੂੰ ਪਤਾ ਹੈ ਇਹ ਕੀ ਦਰਸ਼ਾਉਂਦਾ ਹੈ? ਤੁਹਾਨੂੰ ਪਤਾ ਹੈ ਸ਼ੁਰੂਆਤ ਵਿੱਚ, ਜਦੋਂ ਇਹ ਇਸਰਾਇਲ ਵਿੱਚ ਹੋਈ, ਉਹ ਆਪਣੀ ਵਾਦਾ ਕੀਤੇ ਹੋਏ ਦੇਸ਼ ਵੱਲ ਜਾ ਰਹੇ ਸੀ। ਅਤੇ ਅੱਜ ਰਾਤ ਸਾਨੂੰ ਉਸੇ ਤਰ੍ਹਾਂ ਲੱਗ ਰਿਹਾ ਹੈ, ਕਿ ਅਸੀਂ ਆਪਣੇ ਵਾਦਾ ਕੀਤੇ ਹੋਏ ਦੇਸ਼ ਵੱਲ ਜਾ ਰਹੇ ਆ।ਅਤੇ ਯਾਤਰਾ ਸਾਡੇ ਅੱਗੇ ਹੈ।

54 ਅਤੇ ਜਦੋਂ ਮੋਤ ਦਾ ਫਰਿਸ਼ਤਾ ਆਇਆ ਤਾਂ, ਉਹਨਾਂ ਕੋਲ ਚਿੰਨ ਸੀ, ਦਰਵਾਜ਼ੇ ਉੱਤੇ ਲਹੂ ਹੋਣਾ ਚਾਹਿਦਾ ਹੈ, ਨਹੀਂ ਤਾਂ ਘਰ ਦਾ ਪਲੋਠਾ ਜਾਂ ਵੱਡਾ ਬੱਚਾ ਮਰਦਾ ਸੀ। ਅਤੇ ਉਸਦਾ ਮਤਲਬ ਸੀ ਕਿ ਪਹਿਲਾਂ ਉਸ ਲਹੂ ਨੂੰ ਆਪਣੇ ਦਰਵਾਜ਼ੇ ਤੇ ਲਗਾਉਣਾ। ਤੁਸੀਂ ਧਿਆਨ ਦਿਤਾ ਪੋਲੂਸ ਨੇ ਇਸਨੂੰ ਉਥੇ ਕਿੰਵੇ ਰਖਿਆ? ਜੇ ਕੋਈ “ਜੇ ਕੋਈ ਪਰਮੇਸ਼ਰ ਦੇ ਦੇਹ ਵਿੱਚੋਂ ਖਾਣ ਤੋਂ ਪਹਿਲਾਂ ਆਪਣੇ ਆਪ ਨੂੰ ਜਾਂਚ ਨਹੀਂ ਲੈਂਦਾ”, ਉਸਦਾ ਮਤਲਬ ਵੀ ਮੋਤ ਹੈ, ਆਤਮਿਕ

ਮੌਤ, ਜੇਕਰ ਕੋਈ ਮਨੁੱਖ ਉਸਨੂੰ ਖਾਣ ਦੇ ਯੋਗ ਨਹੀਂ ਪਰ ਫਿਰ ਵੀ ਪ੍ਰਭੂ ਭੋਜ ਲੈਂਦਾ ਹੈ ਤਾਂ ਆਤਮਿਕ ਮੌਤ ਉਸ ਮਨੁੱਖ ਤੇ ਆਉਂਦੀ ਹੈ। ਇਹ ਹੋ ਸਕਦਾ ਹੈ, ਕੀ ਖਾਂਦੇ ਪੀਂਦੇ ਅਤੇ ਦੁਨਿਆ ਦੇ ਵਾਂਗ ਜੀਵਨ ਜਿਉਂਦੇ ਹੋਏ ਪਰਮੇਸ਼ਰ ਦੇ ਮੇਜ਼ ਤੇ ਆਉਂਦਾ ਹੈ। ਸਾਨੂੰ ਇਹ ਨਹੀਂ ਕਰਣਾ ਚਾਹਿਦਾ। ਹੁਣ ਆਉ ਅਸੀਂ ਆਪਣੇ ਹਿਰਦੇ ਨੂੰ ਸਾਫ਼ ਕਰੀਏ ਅਤੇ ਆਪਣੇ ਹੱਥ...ਆਪਣੀ ਦੁਸ਼ਟ ਸੋਚ ਨੂੰ, ਅਤੇ ਪਰਮੇਸ਼ਰ ਦੇ ਮੇਜ਼ ਤੇ ਆਈਏ, ਸ਼ੁਧ ਅਤੇ ਪਵਿੱਤਰ, ਜਿਵੇਂ ਕੀ ਅਸੀਂ ਜਾਣਦੇ ਆ ਕੀ ਅਸੀਂ ਯਿਸੂ ਮਸੀਹ ਦੇ ਬਲਿਦਾਨ ਨਾਲ ਇੱਕ ਹੋ ਰਹੇ ਆ, ਜੋ ਸਾਡਾ ਮੁਕਤੀਦਾਤਾ ਹੈ।

55 ਜਿਵੇਂ ਅੱਜ ਰਾਤ ਅਸੀਂ ਇਸਨੂੰ ਕਰਦੇ ਹਾਂ, ਸਾਡੇ ਬਜ਼ੁਰਗ ਇੱਥੇ ਆ ਕੇ ਖੜ੍ਹੇ ਹੋ ਸਕਦੇ ਹਨ, ਭਾਈ ਜ਼ਾਬੇਲ। ਮੈਨੂੰ ਲਗਦਾ ਹੈ ਭਾਈ ਜ਼ਾਬੇਲ, ਜੇਕਰ ਤੁਸੀਂ ਲੋਕਾਂ ਨੂੰ ਇੱਥੋਂ ਮੰਚ ਤੋ ਬੁਲਾਓਗੇ ਤਾਂ ਉਹ ਇੱਥੇ ਆ ਕੇ ਲਾਇਨ ਵਿੱਚ ਲੱਗ ਸਕਦੇ ਹਨ। ਹੁਣ ਕੁੱਝ ਪਲਾਂ ਵਿੱਚ ਭਾਈ ਜ਼ਾਬੇਲ ਤੁਹਾਨੂੰ ਦਸਣਗੇ, ਜਿਵੇਂ ਕੀ ਅਸੀਂ ਪ੍ਰਭੂ ਭੋਜਤੇ ਆਸ਼ੀਸ਼ ਮੰਗਦੇ ਹਾਂ।

56 ਇਹ ਯਹੂਦੀ ਢੰਗ ਵਾਲੀ ਰੋਟੀ, ਮਸੀਹੀ ਲੋਕਾਂ ਨੇ ਬਣਾਇਆ ਹੈ। ਇਹ ਬੇਖ਼ਮੀਰ ਬ੍ਰੈਡ ਹੈ। ਤੁਸੀਂ ਧਿਆਨ ਦੇਣਾ ਜਦੋਂ ਇਸਨੂੰ ਤੁਸੀਂ ਮੂੰਹ ਵਿੱਚ ਰਖੋਗੇ ਤਾਂ ਇਹ ਬਹੁਤ ਹੀ ਖੁਦਰਾ ਅਤੇ ਕੋੜਾ ਲਗੇਗਾ। ਇਹ ਤੋੜਿਆ ਅਤੇ ਆਪਸ ਵਿੱਚ ਮਿਲਿਆ ਹੈ, ਇਸਦਾ ਮਤਲਬ ਸਾਡੇ ਪ੍ਰਭੂ ਯਿਸੂ ਦੀ ਤੋੜੀ ਹੋਈ ਦੇਹ ਹੈ। ਜਦੋਂ ਮੈਂ ਇਸਦੇ ਬਾਰੇ ਸੋਚਦਾ ਹਾਂ ਤਾਂ ਮੈਨੂੰ ਲਗਦਾ ਹੈ ਜਿਵੇਂ ਮੇਰਾ ਹਿਰਦਾ ਇੱਕ ਧੜਕਨ ਨੂੰ ਛੱਡ ਗਿਆ ਹੈ। ਜਦੋਂ ਮੈਂ ਸੋਚਦਾ ਉਸਨੂੰ ਖਰੋਚਇਆ, ਮਾਰਿਆ ਅਤੇ ਤੋੜਿਆ, ਪਰਮੇਸ਼ਰ ਦਾ ਸਿਧਾ ਸਾਧਾ ਪੁੱਤਰ। ਤੁਹਾਨੂੰ ਪਤਾ ਹੈ ਉਸਨੇ ਇੰਜ ਕਿਓਂ ਕੀਤਾ? ਕਿਓਂ ਕੀ ਮੈਂ ਦੋਸ਼ੀ ਸੀ। ਉਹ ਮੈਂ ਪਾਪੀ ਬਣ ਗਿਆ ਤਾਂ ਜੋ ਮੈਂ ਉਹਦੇ ਬਲਿਦਾਨ ਕਰਕੇ ਉਸਦੇ ਵਾਂਗ ਬਣਾ, ਪਰਮੇਸ਼ਰ ਦਾ ਪੁੱਤਰ। ਔਹ ਕਿੰਨਾਂ ਮਹਾਨ ਬਲਿਦਾਨ!

ਆਉ ਅਸੀਂ ਆਪਣੇ ਸਿਰਾਂ ਨੂੰ ਝੁਕਾਇਏ।

57 ਸਾਡੇਪਰਮਪਵਿੱਤਰ ਪਰਮੇਸ਼ਰ, ਮੈਂ ਇਹ ਭਾਂਡੇ ਵਿੱਚ ਇਸ ਰੋਟੀ ਤੁਹਾਡੇ ਸਾਮ੍ਹਣੇ ਲੈ ਕੇ ਆਈਆ, ਇਹ ਰੋਟੀ ਤੋੜਿਆ, ਕੁਚਲਿਆ ਅਤੇ ਖਰੋਚਿਆ ਹੋਇਆ ਸਾਡੇ ਪਰਮੇਸ਼ਰ ਦੀ ਦੇਹ ਨੂੰ ਦਰਸ਼ਾਉਂਦਾ ਹੈ। ਜਿੱਥੇ ਨਬੀ ਚਿਲਾਇਆ, "ਉਹ ਸਾਡੇ ਅਪਰਾਧਾਂ ਲਈ ਜ਼ਖਮੀ ਹੋਇਆ, ਅਧਰਮ ਲਈ ਕੁਚਲਿਆ ਗਿਆ, ਸਾਡੀ ਸ਼ਾਂਤੀ ਲਈ ਮਾਰਿਆ ਗਿਆ, ਅਤੇ ਉਸਦੇ ਕੋੜੇ ਖਾਣ ਨਾਲ ਅਸੀਂ ਚੰਗੇ ਹੋਏ।" ਔਹ ਅਸੀਂ ਕਿਵੇਂ ਅਸੀਂ ਉਸਨੂੰ ਯਾਦ ਕਰਦੇ ਹਾਂ! ਜਿਵੇ ਮੈਂ ਆਪਣੇ ਆਪ ਨੂੰ ਉਸ ਬਲਿਦਾਨ ਦੇ ਨਾਲ ਜੋੜਦਾ ਹਾਂ, ਅਤੇ ਉਸੇ ਤਰ੍ਹਾਂ ਸਭਾ

ਵੀ ਕਰਦੀ ਹੈ ਹੋਣ ਦੋ ਕਿ ਜਿਵੇਂ ਅਸੀਂ ਰੋਟੀ ਨੂੰ ਮੁਹ ਵਿੱਚ ਪਾਂਦੇ ਹਾਂ ਅਸੀਂ ਆਪਣੇ ਪਰਮੇਸ਼ਰ ਦੇ ਬਲਿਦਾਨ, ਉਸਦੀ ਮੋਤ ਅਤੇ ਕੋੜੇ ਨੂੰ ਅਤੇ ਜੋ ਕੁੱਝ ਵੀ ਉਸਨੇ ਸਹਿਆ ਉਸਨੂੰ ਯਾਦ ਕਰੀਏ। ਪ੍ਰਭੂ ਅਸੀਂ ਆਯੋਗ ਹਾਂ। ਪ੍ਰਭੂ ਅਸੀਂ ਇਸ ਪਵਿਤ੍ਰਤਾ ਦੇ ਯੋਗ ਨਹੀਂ ਹਾਂ ਹੋਣ ਦੇ ਕੀ ਤੇਰੀ ਪਵਿਤ੍ਰਤਾ, ਪ੍ਰਭੂ, ਤੇਰੀ ਹਜ਼ੂਰੀ, ਤੇਰਾ ਲਹੂ, ਸਾਡੇ ਦਿਲਾਂ ਨੂੰ ਸਾਫ਼ ਕਰੇ। ਜਿਵੇਂ ਅਸੀਂ ਇਸਨੂੰ ਕਬੂਲ ਕਰਦੇ ਹਾਂ, ਹੋਣ ਦੇ ਅਸੀਂ ਆਪਣੇ ਮੰਨ ਇਸ ਉਦੇਸ਼ ਨੂੰ ਲਾਇਏ ਕੀ ਜੀਵਨ ਭਰ ਤੇਰੀ ਦਿਨ ਰਾਤ ਸੇਵਾ ਕਰੀਏ। ਹੁਣ ਇਸ ਰੋਟੀ ਨੂੰ ਪਵਿੱਤਰ ਕਰ ਤਾਂ ਤੋ ਅਸੀਂ ਇਸਨੂੰ ਖਾ ਸਕੀਏ। ਅਸੀਂ ਯਿਸੂ ਮਸੀਹ ਦੇ ਨਾਂ ਵਿੱਚ ਮੰਗਦੇ ਹਾਂ ਆਮੀਨ।

58 ਅਤੇ ਜਿਵੇਂ ਮੈਂ ਇਸਨੂੰ ਆਪਣੇ ਹੱਥ੍ਰ ਵਿੱਚ ਪਕੜਿਆ ਹੈ ਤੇਤੀ…ਲਗਭਗ ਤੇਤੀ ਸਾਲ ਮੈਂ ਪ੍ਰਭੂ ਦੀ ਸੇਵਾ ਕੀਤੀ ਹੈ, ਅਤੇ ਮੈਨੂੰ ਆਪਣੇ ਆਪ ਤੇ ਸ਼ਰਮ ਆਉਂਦੀ ਹੈ। ਪਰ ਮੈਨੂੰ ਸੋਚਦਾ ਹਾਂ, ਜੇਕਰ ਅੱਜ ਰਾਤ ਮੇਰੇ ਕੋਲ ਲਹੂ ਦੀ ਦੋ ਬੂੰਦਾਂ ਹੁੰਦੀਆਂ ਤਾਂ ਮੈਂ ਕੀ ਕਰਦਾ? ਉਹਦੇ ਨਾਲ ਮੈਂ ਕੀ ਕਰਦਾ? ਪਰ ਤੁਹਾਨੂੰ ਪਤਾ ਹੈ, ਅੱਜ ਰਾਤ ਮੇਰੇ ਹੱਥ, ਮਹਾਨ ਉਸਦੇ ਲਹੂ ਨਾਲ ਮੋਲ ਲੀਤੀ ਉਸਦੀ ਕਲਿਸਿਆ। ਜਦੋਂ ਮੈਂ ਅੰਗੂਰਾਂ ਦੇ ਰਸ ਨੂੰ ਆਪਣੇ ਹੱਥ ਵਿੱਚ ਫੜ੍ਹਦਾ ਹਾਂ ਤਾਂ ਮੈਨੂੰ ਯਾਦ ਆਉਂਦਾ ਹੈ ਉਸਨੇ ਕਿਹਾ ਹੈ, "ਮੈਂ ਇਹ ਦਾਖ ਰਸ ਫ਼ੇਰ ਨਹੀਂ ਪੀਵਾਂਗਾ, ਜਦੋਂ ਮੈਂ ਇਹ ਪਰਮੇਸ਼ੁਰ ਦੇ ਰਾਜ ਵਿੱਚ ਪੀਵਾਂਗਾ ਇਹ ਨਵਾਂ ਹੋਵੇਗਾ।" ਅਤੇ ਧਿਆਨ ਦਿਓ ਪਾਪ ਦੀ ਲੜਾਈ ਖਤਮ ਹੋਣ ਤੇ, ਜਦੋਂ ਅਸੀਂ ਉਸ ਪਾਰ ਪਹੁੰਚ ਜਾਂਵਾਂਗੇ ਤਾਂ ਪਹਿਲਾਂ ਪ੍ਰਭੂ ਭੋਜ ਹੀ ਕਰਾਂਗੇ।

59 ਅਤੇ ਆਉ ਅਸੀਂ ਆਪਣੇ ਸਿਰਾਂ ਨੂੰ ਝੁਕਾਇਏ ਜਿਵੇਂ ਅਸੀਂ ਇਸ ਦਾਖਰਸ ਲਈ ਆਸ਼ੀਸ਼ ਮੰਗਦੇ ਹਾਂ। ਸਾਡੇ ਸਵਰਗੀ ਪਿਤਾ ਜਿਵੇਂ ਮੈਂ ਇਸ ਦਾਖਰਸ ਨੂੰ ਫੜਿਆ ਇਹ ਸੋਚਦਾ ਹਾਂ ਕਿ ਇਹ ਤੁਹਾਡੇ ਲਹੂ ਨੂੰ ਦਰਸ਼ਾਉਂਦੀ ਹੈ, ਕਿੰਵੇ ਉਸ ਵਗਦੇ ਲਹੂ ਨਾਲ ਮੇਰੇ ਪਾਪ ਚਲੇ ਗਏ।ਉਹ ਕਦੀ ਨਾ ਯਾਦ ਕਰਣ ਵਾਲੇ ਸਮੁੰਦਰ ਵਿੱਚ ਸੁੱਟ ਦਿਤੇ ਹਨ ਤਾਂ ਜੋ ਉਸਨੂੰ ਵਾਪਿਸ ਯਾਦ ਨਾ ਕੀਤਾ ਜਾਵੇ। ਜਦੋਂ ਮੈਂ ਹਸਪਤਾਲ ਵਿੱਚ, ਜਵਾਨੀ ਦੇ ਸਮੇਂ ਮਰਣ ਦੀ ਹਾਲਤ ਵਿੱਚ ਸੀ ਤਾਂ ਇਸ ਲਹੂ ਦੇ ਦੁਆਰਾ ਮੈਨੂੰ ਬਚਾ ਲਿਆ। ਔਹ ਪਰਮੇਸ਼ਰ ਮੈਂ ਤੇਰਾ ਕਿੰਨਾ ਧੰਨਵਾਦੀ ਹਾਂ, ਪ੍ਰਭੂ, ਫਿਰ ਤੂੰ ਮੈਨੂੰ ਸੇਵਕਾਈ ਦਿਤੀ ਤਾਂ ਜੋ ਮੈਂ ਲੋਕਾਂ ਨੂੰ ਕਲਵਰੀ ਵਲ ਲੈ ਕੇ ਆਵਾਂ ਅਤੇ ਉਹਨਾਂ ਦੇ ਘਰ ਦਾ ਰਸਤਾ ਵਿਖਾਵਾਂ। ਧੰਨਵਾਦ ਪਿਤਾ, ਹੁਣ ਇਸ ਦਾਖਰਸ ਨੂੰ ਪਵਿੱਤਰ ਕਰ ਤਾਂ ਜੋ ਅਸੀਂ ਇਸਨੂੰ ਪੀ ਸਕੀਏ। ਅਤੇ ਹਰ ਇੱਕ ਮਨੁੱਖ ਜੋ ਅੱਜ ਰਾਤ ਇਸਦੇ ਵਿੱਚ ਭਾਗ ਲੈਂਦਾ ਹੈ, ਆਤਮਿਕ ਅਤੇ ਸ਼ਰੀਰਿਕ ਤਾਕਤ ਹਾਸਲ ਕਰੇ ਉਸ ਯਾਤਰਾ ਲਈ ਜੋ ਆਉਣ ਵਾਲੀ ਹੈ। ਅਸੀਂ ਯਿਸੂ ਮਸੀਹ ਦੇ ਨਾਮ ਵਿੱਚ ਮੰਗਦੇ ਆ ਆਮੀਨ।

[ਸੱਭਾ ਨੂੰ ਪ੍ਰਭੂ ਭੋਜ ਦਿਤਾ ਜਾਂਦਾ ਹੈ। ਖਾਲੀ ਥਾਂ ਟੇਪ ਵਿੱਚ—]

60 ਇੱਥੇ ਖੜ੍ਹੇ ਹੋ ਕੇ ਪਰਿਵਾਰਾਂ ਨੂੰ ਆਉਂਦੇ ਵੇਖ ਕੇ, ਇਸੇ ਤਰ੍ਹਾਂ ਇੱਕ ਦਿਨ ਹੋਵੇਗਾ ਜਦੋਂ ਪਰਿਵਾਰਾਂ ਦੇ ਪਰਿਵਾਰ ਅਤੇ ਦਰਜੇ ਦੇ ਅਨੁਸਾਰ, ਝੁੰਡ ਦੇ ਝੁੰਡ, ਇੱਕ ਇੱਕ ਕਰਕੇ ਆਉਣਗੇ। ਜਦੋਂ ਅਸੀਂ ਉਸਨੂੰ ਉਸ ਪਾਰ ਮਿਲਾਂਗੇ, ਕਿਹੋ ਜਿਹਾ ਸਮਾਂ ਹੋਵੇਗਾ। ਜਦੋਂ ਸਾਰੀ ਮਨੁੱਖ ਜਾਤੀ ਜਿਹੜੀ ਧਰਤੀ ਉੱਤੇ ਹੈ ਅਤੇ ਉਸਦੇ ਵਚਨ ਤੇ ਵਿਸ਼ਵਾਸ ਕੀਤਾ ਹੈ, ਉੱਥੇ ਇੱਕ ਦਿਨ ਮਿਲਾਂਗੇ। ਕਿ ਇਹ ਨਿਰਾਲਾ ਨਹੀਂ ਹੋਵੇਗਾ? [ਸੱਭਾ ਕਹਿੰਦੀ ਹੈ "ਆਮੀਨ"—ਸੰਪਾ]

61 ਅੱਜ ਰਾਤ ਸਾਨੂੰ ਪੈਰ ਧੋਣ ਦੀ ਰਸਮ ਛਡਨੀ ਪੈਣੀ ਹੈ ਪਾਣੀ ਦੀ ਕੰਮੀ ਕਰਕੇ। ਹੁਣ ਸਾਡੇ ਕੋਲ ਕਾਫ਼ੀ ਸਹੂਲਤ ਨਹੀਂ ਹੈ, ਮੈਂ ਵਿਸ਼ਵਾਸ ਕਰਦਾ ਹਾਂ ਓਹ ਜਲਦੀ ਹੀ ਪੂਰੀ ਕੀਤੀ ਜਾਵੇਗੀ। ਉਹ ਸੱਭ ਠੀਕ ਕਰ ਰਹੇ ਹਨ, ਨਵੇਂ ਅਰਾਧਨਾ ਭਵਨ ਵਿੱਚ ਤੇਜ਼ੀ ਨਾਲ ਤਿਆਰੀ ਕਰ ਰਹੇ ਹਨ। ਕਿਸੇ ਤਰ੍ਹਾਂ ਮੈਨੂੰ ਲਗਦਾ ਹੈ ਕਿ ਇਹ ਬਹੁਤ ਹੀ ਠੀਕ ਹੈ ਪ੍ਰਭੂ ਭੋਜ ਨੂੰ ਨਵੇਂ ਸਾਲ ਨੂੰ ਲੈਣ ਲਈ।

62 ਹੁਣ, ਤੁਸੀਂ ਲੋਕ ਜੋ ਸ਼ਹਿਰ ਤੋਂ ਬਾਹਰੋ ਆਏ ਹੋ, ਕੱਲ ਜੱਦ ਤੁਸੀਂ ਸਫ਼ਰ ਕਰਦੇ ਹੋ ਤਾਂ ਬਹੁਤ ਧਿਆਨ ਨਾਲ ਗੱਡੀ ਚਲਾ ਕੇ ਜਾਣਾ। ਪਰਮੇਸ਼ਰ ਤੁਹਾਡੇ ਨਾਲ ਹੋਵੇ। ਅਤੇ ਜੇ ਪ੍ਰਭੂ ਦੀ ਮਰਜ਼ੀ ਹੋਈ ਤਾਂ ਮੈਨੂੰ ਅਗਲੀ ਸੱਭਾਵਾਂ ਲੈ ਆਰਿਜ਼ੋਨਾ ਜਾਣਾ ਪਵੇਗਾ, ਫਿਰ ਜੇ ਪ੍ਰਭੂ ਦੀ ਮਰਜ਼ੀ ਹੋਈ ਤਾਂ ਮੈਂ ਵਾਪਿਸ ਤੁਹਾਡੇ ਨਾਲ ਹੋਵਾਂਗਾ *ਸੱਤਾਂ ਮੋਹਰਾਂ* ਲਈ ਅਤੇ ਜਿਵੇਂ ਮੈਂ ਵਾਦਾ ਕੀਤਾ ਸੀ। ਮੈਨੂੰ ਤੁਹਾਡੀ ਪ੍ਰਾਰਥਨਾਵਾਂ ਦੀ ਲੋੜ ਹੈ। ਮੈਨੂੰ ਤੁਹਾਡੀ ਬਹੁਤ ਲੋੜ ਹੈ। ਮੇਰੇ ਲਈ ਪ੍ਰਾਰਥਨਾ ਕਰਣਾ ਭੁਲਣਾ ਨਹੀਂ। ਅਤੇ ਪ੍ਰਭੂ ਕਰੇ ਕੀ ਤੁਹਾਡੇ ਨਾਲ ਸੱਭ ਕੁੱਝ ਠੀਕ ਹੋਵੇ। ਮੈਂ ਤੁਹਾਡੀ ਤਾਰੀਫ਼ ਕਰਦਾ ਹਾਂ ਕੀ ਤੁਸੀਂ ਇੱਥੇ ਆਏ ਅਤੇ ਤੁਸੀਂ ਸੁਣਿਆ ਜੋ ਮੈਂ ਪ੍ਰਚਾਰ ਕੀਤਾ। ਮੈਂ ਵਿਸ਼ਵਾਸ ਕਰਦਾ ਕਿ ਅਸੀਂ ਉਸ ਬਦਲਾਵ ਵਿੱਚ ਆ ਰਹੇ ਆ। ਮੈਂ ਤੁਹਾਡੀ ਭਲਾਈ ਲਈ ਧੰਨਵਾਦੀ ਹਾਂ।

63 ਤੁਹਾਡੇ ਵਿੱਚੋਂ ਬਹੁਤ ਲੋਕ ਜੋ ਮੀਲਾਂ ਮੀਲ ਦੂਰੋਂ ਮੇਰੇ ਵਰਗੇ ਸਧਾਰਣ ਜਿਹੇ ਮਨੁੱਖ ਨੂੰ ਸੁਣਨ ਆਏ ਜੋ ਪਰਮੇਸ਼ਰ ਦੇ ਵਚਨ ਨੂੰ ਲੈ ਕੇ ਆਇਆ। ਮੈਂ ਵਿਸ਼ਵਾਸ ਕਰਦਾ ਹਾਂ ਇਹ ਉਸ ਤੋਂ ਵੀ ਵੱਧ ਕੇ ਸੀ ਜੋ ਤੁਸੀਂ ਸੁਣਨ ਆਏ ਸੀ, ਕਿਓਂਕਿ ਮੇਰੇ ਕੋਲ ਕੁੱਝ ਵੀ ਨਹੀਂ ਹੈ ਕਿ ਮੈਂ ਤੁਹਾਨੂੰ ਦਿਖਾ ਸਕਾਂ। ਮੈਂ ਅਨਪੜ੍ਹ ਹਾਂ, ਕੋਈ ਪ੍ਰਸਿਧੀ ਨਹੀਂ, ਮੇਰੇ ਬਾਰੇ ਕੁੱਝ ਵੀ ਨਹੀਂ ਹੈ। ਫਿਰ ਜਦੋਂ ਮੈਂ ਲੋਕਾਂ ਨੂੰ ਵੇਖਦਾ ਹਾਂ ਹਜ਼ਾਰਾਂ ਮੀਲ ਦੂਰੋਂ ਆ ਕੇ, ਅਤੇ ਇੱਥੇ ਖੜ੍ਹੇ ਰਹਿ ਕੇ, ਫਿਰ ਦੋ ਵਜੇ ਨਿਕਲਣਾ, ਇਹ ਸੱਭ ਮੇਰੇ ਕਰ ਕੇ ਨਹੀਂ। ਇਹ ਮਸੀਹ ਹੈ। ਮੈਂ ਖੁਸ਼ ਹਾਂ ਕੀ ਤੁਸੀਂ ਉਸਨੂੰ ਪ੍ਰੇਮ ਕਰਦੇ ਹੋ ਮੈਂ ਵੀ ਉਸਨੂੰ ਪ੍ਰੇਮ ਕਰਦਾ ਹਾਂ।ਅਤੇਇੱਕ ਹੋ ਕੇ ਅਸੀਂ ਉਸਨੂੰ ਪ੍ਰੇਮ ਕਰਦੇ ਹਾਂ। ਕਿਓਂਕਿ ਅਸੀਂ ਉਸਨੂੰ ਪ੍ਰੇਮ ਕਰਦੇ ਹਾਂ ਸਾਨੂੰ

ਕਦੇ ਵੱਖ ਨਹੀਂ ਹੋਣਾ ਪਵੇਗਾ। ਹੋ ਸਕਦਾ ਇੱਥੇ ਸਾਨੂੰ ਥੋੜੀ ਦੇਰ ਲਈ ਵੱਖ ਹੋਣਾ ਪੈਂਦਾ ਹੈਂ ਪਰ ਅਸੀਂ ਫਿਰ ਇੱਕ ਹੋ ਜਾਵਾਂਗੇ। ਇਹ ਮੇਰੀ ਇੱਛਾ ਹੈ ਕੀ ਲੋਕਾਂ ਦੀ ਅਗੁਵਾਈ ਉਸ ਥਾਂ ਤੱਕ ਕਰਾਂ।

64 ਹੁਣ ਨਵੇਂ ਸਾਲ ਦੀ ਸ਼ੁਰੁਆਤ ਵਿੱਚ ਮੈਂ ਤੁਹਾਨੂੰ "ਨਵਾਂ ਸਾਲ ਮੁਬਾਰਕ" ਬੋਲਨਾ ਚਾਹੁੰਦਾ ਹਾਂ ਮੈਂ ਤੁਹਾਨੂੰ ਕਹਿਣਾ ਚਾਹੁੰਦਾ ਹਾਂ "ਪ੍ਰਭੂ ਤੁਹਾਨੂੰ ਆਸ਼ੀਸ਼ ਦੇਵੇ।" ਜੇ ਉਹ ਇੰਜ ਕਰਦਾ ਹੈ ਤਾਂ ਇਹ ਹੀ ਹੈ ਜੋ ਤੁਹਨੂੰ ਆਉਣ ਵਾਲੇ ਸਾਲ ਲਈ ਚਾਹੀਦੀ ਹੈ। ਮੈਂ ਵਿਸ਼ਵਾਸ਼ ਕਰਦਾ ਹਾਂ ਕੀ ਓਹ ਕਰੇਗਾ।

65 ਮੈਂ ਉਸਦੀ ਕਿਰਪਾ ਨਾਲ, ਇਸ ਸਾਲ ਵਿੱਚ ਸ਼ੁਰੂ ਕਰਾਂਗਾ, ਉਹ ਮੈਨੂੰ ਬਚਾ ਕੇ ਰਖੇਗਾ, ਮੈਨੂੰ ਬਚਾਏਗਾ, ਮੈਂ ਆਸ ਕਰਦਾ ਹਾਂ ਕਿ ਮੈਂ ਆਉਣ ਵਾਲੇ ਸਾਲ ਵਿੱਚ ਬੇਹਤਰ ਪਾਸਟਰ ਹੋਵਾਂਗਾ ਜਿੰਨਾ ਕੀ ਮੈਂ ਇਸ ਸਾਲ ਸੀ, ਆਸ ਕਰਦਾ ਹਾਂ ਕੀ ਹੋਰ ਵੀ ਵਧਿਆ ਸੇਵਕ ਹੋਵਾਂਗਾ। ਮੈਂ ਕੋਸ਼ਿਸ਼ ਕਰਾਂਗਾ ਕੀ ਹੋਰ ਉਸਦੇ ਨੇੜੇ ਜੀਵਾਂ, ਅਤੇ ਹੋਰ ਵੀ ਸੱਚਾ ਤਾਂ ਜੋ ਉਸਦੇ ਵਚਨ ਨੂੰ ਲੈ ਕੇ ਆਵਾਂ ਜਿਵੇਂ ਉਹ ਮੈਨੂੰ ਦਿੰਦਾ ਹੈ, ਮੈਂ ਤੁਹਾਡੇ ਲਈ ਲੈ ਕੇ ਆਵਾਂ ਜਿਨ੍ਹਾਂ ਵਧਿਆ ਹੋ ਸਕੇ, ਅਤੇ ਕੁੱਝ ਵੀ ਨਾ ਲੁਕਾਵਾਂ ਜੋ ਉਹ ਤੁਹਾਨੂੰ ਦੇਣਾ ਚਾਹੁੰਦਾ ਹੈ। ਮੈਂ ਸੱਭ ਕੁੱਜ ਕਰਾਂਗਾ ਜੋ ਮੈਂ ਜਾਣਦਾ ਹਾਂ ਅਤੇ ਮੈਂ ਵਿਸ਼ਵਾਸ਼ ਕਰਦਾ ਹਾਂ ਕੀ ਤੁਸੀਂ ਵੀ ਉਸੇ ਤਰ੍ਹਾਂ ਮਹਸੂਸ ਕਰਦੇ ਹੋ। ਤੁਸੀਂ—ਤੁਸੀਂ ਮਹਸੂਸ ਕਰਦੇ ਹੋ ਕੀ ਅਸੀਂ ਹੁਣ ਇੱਕਠੇ ਕੰਮ ਕਰਣਾ ਹੈ, ਕਿਓਂਕਿ ਸ਼ਾਮ ਦੀ ਰੋਸ਼ਨੀ ਘੱਟ ਹੁੰਦੀ ਜਾ ਰਹੀ ਹੈ, ਅਤੇ ਸੂਰਜ ਡੂਬ ਰਿਹਾ ਹੈ।ਧਰਤੀ ਦੀ ਠੰਡਕ ਘੱਟ ਹੋ ਰਹੀ ਹੈ, ਅਸੀਂ ਜਾਣਦੇ ਹਾਂ ਕਿ ਆਤਮਿਕ ਤੋਰਤੇ ਕਲਿਸਿਆ ਵੀ ਠੰਡੀ ਹੋ ਰਹੀ ਹੈ ਅਤੇ ਬੇਦਾਰੀ ਘੱਟ ਰਹੀ ਹੈ। ਸਾਨੂੰ ਨਹੀਂ ਪਤਾ ਅੱਗੇ ਕੀ ਆ ਰਿਹਾ ਹੈ ਪਰ ਜੋ ਵੀ ਹੈ ਅਸੀਂ ਪਰਮੇਸ਼ਰ ਤੇ ਵਿਸ਼ਵਾਸ਼ ਕਰਦੇ ਹਾਂ। ਹੁਣ ਜਿੰਵੇਂ ਅਸੀਂ ਕਈ ਵਾਰ…

66 ਮੈਂ ਚਾਹੁੰਦਾ ਹਾਂ ਕੀ ਤੁਹਾਨੂੰ ਯਾਦ ਦਿਆਵਾਂ ਸੱਭ ਤੋਂ ਪੁਰਾਣਾ ਅਰਾਧਨਾ ਦਾ ਭਵਨ ਸੰਸਾਰ ਵਿੱਚ, ਭਾਈ ਔਰਮਨ ਨੇਵਿਲ, ਪਰਮੇਸ਼ਰ ਦਾ ਮਨੁੱਖ, ਬਹੁਤ ਹੀ ਚੰਗਾ ਮਨੁੱਖ। ਜਦੋਂ ਮੈਂ ਨਹੀਂ ਹੁੰਦਾ ਤਾਂ ਭਾਈ ਨੇਵਿਲ ਠੀਕ ਮੇਰੀ ਤਰ੍ਹਾਂ ਸੇਵਕਾਈ ਨਿਭਾਉਂਦੇ ਹਨ। ਟਰਸਟੀ, ਡੀਕਨ, ਅਤੇ ਬਾਕੀ ਸਾਰੇ ਆਪਣੇ ਆਪਣੇ ਕੰਮ ਵਿੱਚ ਜਿਵੇਂ ਓਹ ਕਰਦੇ ਹਨ। ਅਤੇ ਇਹ ਸਾਡਾ ਕੇਂਦਰਸਥਾਨ ਹੈ। ਇੱਥੇ ਹੀ ਸਾਨੂੰ—ਸਾਨੂੰ—ਸਾਨੂੰ ਦਰਜ਼ਾ ਦਿਤਾ ਗਿਆ। ਉਥੇ ਬਾਹਰ ਸੱਭਾਵਾਂ ਵਿੱਚ ਬਿਲੀ ਪੌਲ ਮੇਰੇ ਨਾਲ ਨਹੀਂ ਹੋਵੇਗਾ, ਉਹ ਵਾਪਿਸ ਇੱਥੇ ਆ ਜਾਵੇਗਾ। ਅਤੇ ਬਾਕੀ ਦਾ ਕਾਰੋਬਾਰ ਅਤੇ ਕੰਮ ਉਸੇ ਤਰ੍ਹਾਂ ਰਹੇਗਾ। ਮੈਂ ਉੱਥੇ ਜਾ ਰਿਹਾ ਇਸਦਾ ਮਤਲਬ ਇਹ ਨਹੀਂ ਕੀ ਮੈਂ ਤੁਹਾਨੂੰ ਛੱਡ ਕੇ ਜਾ ਰਿਹਾ। ਤੁਸੀਂ ਸਮਝਦੇ ਹੋ ਮੈਂ ਸਿਰਫ ਜਾ ਰਿਹਾ, ਇਹ ਇੱਕ ਦਰਸ਼ਨ ਹੈ। ਮੈਨੂੰ ਨਹੀਂ ਪਤਾ ਇਸਦਾ ਕੀ

ਮਤਲਬ ਹੈ। ਮੈਂ ਵਿਸ਼ਵਾਸ਼ ਕਰਦਾ ਹਾਂ ਕੀ ਇਹ ਕਲਿਸਿਆ ਦੀ ਭਲਾਈ ਲਾਈ ਹੈ।ਅਤੇ ਇਹ ਸਾਡੇ ਲਈ ਵੀ ਚੰਗਾ ਹੋਵੇਗਾ ਜਿਵੇਂ ਅਸੀਂ ਆਪਣੇ ਪਰਮੇਸ਼ਰ ਦੇ ਪਿਛੇ ਚਲਦੇ ਹਾਂ। ਸਾਨੂੰ ਇਹ ਸੱਭ ਹੀ ਪਤਾ ਹੈ ਕਿ ਕਿੰਵੇ ਕਰਨਾ ਹੈ। ਮੇਰੇ ਲਈ ਇਹ ਸੋਖਾ ਨਹੀਂ ਹੈ। ਮੈਨੂੰ ਯਾਦ ਹੈ ਇੱਕ ਵਾਰ ਪਹਿਲਾਂ ਜਦੋਂ ਮੈਨੂੰ ਕਲਿਸਿਆ ਨੂੰ ਛੱਡ ਕੇ ਜਾਣਾ ਸੀ ਮੈਂ ਜਾ ਨਹੀਂ ਸਕਿਆ ਕਿਓਂਕਿ ਮੈਂ ਲੋਕਾਂ ਨੂੰ ਬਹੁਤ ਪਿਆਰ ਕਰਦਾ ਹਾਂ।

67 ਜਦੋਂ ਮੈਂ ਛੋਟਾ ਬਾਲਕ ਸੀ, ਮੈਨੂੰ ਇੰਨਾ ਪਿਆਰ ਨਹੀਂ ਕੀਤਾ ਗਿਆ, ਜਦੋਂ ਮੈਂ ਛੋਟਾ ਸੀ ਕੋਈ ਮੇਰਾ ਖ਼ਿਆਲ ਨਹੀਂ ਰਖਦਾ ਸੀ। ਜਦੋਂ ਮੈਨੂੰ ਪਤਾ ਲਗਿਆ ਕੀ ਕੋਈ ਮੈਨੂੰ ਪਿਆਰ ਕਰਦਾ ਹੈ ਮੈਂ—ਸੋਚਿਆ "ਮੈਂ ਉਸਦੇ ਲੈ ਆਪਣੀ ਜਾਨ ਦੇ ਦਿਆਂਗਾ" ਕਿਓਂਕਿ ਕੋਈ ਤੁਹਾਨੂੰ ਪਿਆਰ ਕਰਦਾ ਹੈ ਕੋਈ ਤੁਹਾਡਾ ਖ਼ਿਆਲ ਰਖਦਾ ਹੈ। ਇੱਕ ਵਾਰ ਮੈਂ ਦੇਵਦਾਰ ਦੇ ਦਰਖਤ ਉੱਤੇ ਚੜ੍ਹ ਰਿਹਾ ਸੀ, ਅਤੇ ਗੁਛਾ ਕਾਫੀ ਉਪਰ ਸੀ ਤੇ ਮੇਰੀ ਰੱਸੀ ਦਾ ਕੁੰਡਾ ਆਪਣੇ ਥਾਂ ਤੋਂ ਨਿਕਲ ਗਿਆ, ਮੈਂ ਉਸਨੂੰ ਕੱਟਣ ਦੀ ਕੋਸ਼ਿਸ਼ ਕੀਤੀ ਪਰ ਚੱਕਰ ਆ ਕੇ ਪੰਦਰਾ ਫੁਟ ਹੇਠਾਂ ਡਿਗ ਗਿਆ। ਇੱਕ ਔਰਤ ਨੇ ਚੀਖਾਂ ਮਾਰੀਆਂ ਅਤੇ ਉਹਨੇ ਆਪਣੇ ਆਪ ਨੂੰ *ਉਸ* ਤਰ੍ਹਾਂ ਥਪਥਪਾਇਆ। ਮੈਨੂੰ ਉਹ ਔਰਤ ਬਹੁਤ ਚੰਗੀ ਲਗੀ। ਉਸਨੇ ਮੇਰੀ ਮਦਦ ਕੀਤੀ ਅਤੇ ਮੇਰਾ ਖਿਆਲ ਰਖਿਆ। ਮੈਂ ਹਮੇਸ਼ਾ ਹੀ ਸੋਚਇਆ, "ਜੇ ਕੋਈ ਮੇਰੀ ਮਦਦ ਕਰਦਾ ਹੈ, ਤਾਂ ਮੈਂ ਉਸਨੂੰ ਪਿਆਰ ਕਰਦਾ ਹਾਂ।"

68 ਅਤੇ ਇੱਕ ਵਾਰ ਮੈਂ ਡਾਉਨ ਟਾਉਨ ਸ਼ਹਿਰ ਵਿੱਚ ਸੀ, ਅਤੇ ਉਹਨਾਂ ਦਿਨਾਂ ਦੇ ਬਾਰੇ ਸੋਚ ਰਿਹਾ ਸੀ ਅਤੇ ਨਿਸੰਦੇਹ ਮੈਂ ਤਾਰੀਫ਼ ਕਰਦਾ ਹਾਂ ਜੋ ਪ੍ਰਭੂ ਨੇ ਮੇਰੇ ਲਈ ਕੀ ਕੀਤਾ। ਮੈਂ ਤੁਹਾਡੇ ਪਿਆਰ ਅਤੇ ਸੰਗਤੀ ਲਈ ਭੂਤ ਧੰਨਵਾਦੀ ਹਾਂ। ਅਤੇ ਮੈਂ ਤੁਹਾਨੂੰ ਕਦੇ ਵੀ ਗਲਤ ਰਾਹ ਤੇ ਨਹੀਂ ਲੈ ਕੇ ਜਾਵਾਂਗਾ। ਮੇਰੀ ਸਮਝ ਦੇ ਮੁਤਾਬਿਕ ਇਹ ਸੱਭ ਤੋਂ ਵਧਿਆ ਹੋਵੇਗਾ। ਤੁਸੀਂ ਵੇਖ ਸਕਦੇ ਹੋ ਮੈਂ ਕਦੇ ਵੀ ਆਪਣੇ ਬਾਰੇ ਕੁੱਝ ਨਹੀਂ ਕਿਹਾ, ਹਮੇਸ਼ਾ ਯਿਸੂ ਮਸੀਹ ਦੇ ਬਾਰੇ ਹੀ। ਸਮਝੇ? ਸਮਝੇ? ਹਮੇਸ਼ਾ ਕੋਸ਼ਿਸ਼ ਕੀਤੀ ਕੀ ਉਸਦੇ ਵਚਨ ਦੇ ਕੋਲ ਰਹਾਂ ਤਾਂ ਜੋ ਉਸ ਥਾਂ ਤੇ ਤੁਹਾਡੀ ਅਗੁਵਾਈ ਕਰ ਸਕਾਂ।

69 ਹੁਣ ਮੈਂ ਤੁਹਾਨੂੰ ਭਾਈ ਨੇਵਿਲ ਦੇ ਹੱਥ ਵਿੱਚ ਦਿੰਦਾ ਹਾਂ, ਪਹਿਲਾਂ ਪਰਮੇਸ਼ਰ ਦੇ ਹੱਥਾਂ ਵਿੱਚ, ਅਤੇ ਫਿਰ ਧਿਆਨ ਰਖਣ ਵਾਲੇ ਭਾਈ ਨੇਵਿਲ ਦੇ ਹੱਥ, ਪਾਸਟਰ ਤੇ ਇਸ ਥਾਂ ਦੀ ਦੇਖ ਭਾਲ ਕਰਣ ਲਈ ਜੱਦ ਤੱਕ ਮੈਂ ਵਾਪਿਸ ਨਹੀਂ ਆ ਜਾਂਦਾ। ਵਿਸ਼ਵਾਸ਼ ਕਰਦਾ ਹਾਂ ਕੀ ਉਸ ਸਮੇਂ ਤੱਕ ਮੈਂ ਪਰਮੇਸ਼ਰ ਦੇ ਮਹਾਨ

ਪ੍ਰਕਾਸ਼ਨ ਨੂੰ ਤੁਹਾਡੇ ਕੋਲ ਲੈ ਕੇ ਆਵਾਂਗਾ, ਜਿਹੜਾ ਹਰ ਇੱਕ ਦੇ ਹਿਰਦੇ ਨੂੰ ਹਿਲਾਵੇ ਅਤੇ ਮਸੀਹ ਦੀ ਕਲਿਸਿਆ ਦੀ ਮਹਿਮਾ ਹੋ ਸਕੇ।

70 ਅਸੀਂ ਪ੍ਰਭੂ ਭੋਜ ਲੈਂਦੇ ਰਹਿਨੇ ਹਾਂ। ਮੈਂ ਹੋਰ ਕੁੱਝ ਨਹੀਂ ਕਹਿਣਾ ਚਾਹੁੰਦਾ, ਤੁਸੀਂ ਜਾਂਦੇ ਹੋ ਮੈਨੂੰ ਕਿਹੋ ਜਿਹਾ ਲੱਗ ਰਿਹਾ ਹੈ। ਮੈਂ ਸੋਚਦਾ ਹਾਂ ਉਸ ਗੀਤ ਨੂੰ ਗਾਣਾ ਚਾਹਿਦਾ ਹੈ, "*ਮੇਰਾ ਵਿਸ਼ਵਾਸ ਤੇਰੇ ਵੱਲ ਵੇਖਦਾ ਹੈ, ਕਲਵਰੀ ਦੇ ਮੇਮਨੇ*" ਜਿਵੇਂ ਕੀ ਅਸੀਂ ਖੜ੍ਹੇ ਹੋ ਕੇ ਇਸ ਗੀਤ ਨੂੰ ਗਾਂਦੇ ਹਾਂ ਆਉ ਅਸੀਂ ਇੱਕ ਦੂਜੇ ਨਾਲ ਹੱਥ ਮਿਲਾਇਏ ਅਤੇ ਕਹਿਏ, "ਪ੍ਰਭੂ ਤੁਹਾਨੂੰ ਆਸ਼ੀਸ਼ ਦੇਵੇ।"

ਮੇਰਾ ਵਿਸ਼ਵਾਸ ਤੇਰੇ ਵੱਲ ਵੇਖਦਾ ਹੈ,

71 ਪ੍ਰਭੂ ਤੁਹਾਨੂੰ ਆਸ਼ੀਸ਼ ਦੇਵੇ ਭਾਈ, ਪ੍ਰਭੂ ਤੁਹਾਨੂੰ ਆਸ਼ੀਸ਼ ਦੇਵੇ, ਭੈਣ ।ਪ੍ਰਭੂ ਤੁਹਾਨੂੰ ਆਸ਼ੀਸ਼ ਦੇਵੇ, ਭੈਣ।

ਮੁਕਤੀ...

ਪ੍ਰਭੂ ਤੁਹਾਨੂੰ ਆਸ਼ੀਸ਼ ਦੇਵੇ ਭਾਈ।

...ਮਹਾਨ
ਹੁਣ...(...?...)
...ਪੂਰੀ ਤਰ੍ਹਾਂ ਤੇਰਾ!

ਆਉ ਅਸੀਂ ਆਪਣੇ ਹੱਥਾਂ ਨੂੰ ਉਠਾਈਏ।

ਮੇਰਾ ਵਿਸ਼ਵਾਸ ਤੇਰੇ ਵੱਲ ਵੇਖਦਾ ਹੈ,
ਤੂੰ ਕਲਵਰੀ ਦਾ ਮੇਮਨਾ,
ਮਹਾਨ ਮੁਕਤੀ ਦਾਤਾ;
ਮੇਰੀ ਸੁਣ ਜਿਵੇਂ ਮੈਂ ਪ੍ਰਾਰਥਨਾ ਕਰਦਾਂ,
ਮੇਰੇ ਸਾਰੇ ਦੋਸ਼ ਨੂੰ ਦੂਰ ਕਰ,
ਇਸ ਦਿਨ ਤੋਂ ਲੈ ਕੇ,
ਮੈਨੂੰ ਪੂਰੀ ਤਰ੍ਹਾਂ ਤੇਰਾ ਹੋਣ ਦੇ!

72 "ਜਦੋਂ ਤੱਕ ਅਸੀਂ ਫਿਰ ਮਿਲਦੇ!" ਆਉ ਇਸਨੂੰ ਗਾਈਏ *ਜਦੋਂ ਤੱਕ ਅਸੀਂ ਮਿਲਦੇ*। ਹਰ ਕੋਈ ਗਾਵੇ।

ਜਦੋਂ ਤੱਕ ਅਸੀਂ ਫਿਰ ਮਿਲਦੇ! ਜਦੋਂ ਤੱਕ ਫਿਰ ਅਸੀਂ ਮਿਲਦੇ!
ਜਦੋਂ ਤੱਕ ਅਸੀਂ ਫਿਰ ਮਿਲਦੇ ਯਿਸੂ ਦੇ ਚਰਨਾਂ ਵਿੱਚ;
ਜਦੋਂ ਤੱਕ ਅਸੀਂ ਫਿਰ ਮਿਲਦੇ!

[ਭਾਈ ਬ੍ਰਾਨਹਮ ਕਿਸੇ ਨਾਲ ਹੋਲੀ ਜਿਹੇ ਗੱਲ ਕਰਦੇ ਹਨ—ਸੰਪਾ]

...ਤੁਹਾਡੇ ਨਾਲ ਰਹੇ ਜੱਦ ਤੱਕ ਅਸੀਂ ਫਿਰ ਨਹੀਂ ਮਿਲਦੇ
ਜਦੋਂ ਤੱਕ ਅਸੀਂ ਫਿਰ ਮਿਲਦੇ! ਜਦੋਂ ਤੱਕ ਫਿਰ ਅਸੀਂ ਮਿਲਦੇ!
ਜਦੋਂ ਤੱਕ ਅਸੀਂ ਫਿਰ ਮਿਲਦੇ ਯਿਸੂ ਦੇ ਚਰਨਾਂ ਵਿੱਚ; (ਜਦੋਂ ਤੱਕ ਅਸੀਂ ਫਿਰ ਮਿਲਦੇ)
ਜਦੋਂ ਤੱਕ ਅਸੀਂ ਫਿਰ ਮਿਲਦੇ! ਜਦੋਂ ਤੱਕ ਅਸੀਂ ਫਿਰ ਮਿਲਦੇ!
ਪ੍ਰਭੂ ਤੁਹਾਨੂੰ ਆਸ਼ੀਸ਼ ਦੇਵੇ ਜਦੋਂ ਤੱਕ ਅਸੀਂ ਫਿਰ ਮਿਲਦੇ!

ਆਓ ਅਸੀਂ ਆਪਣੇ ਸਿਰਾਂ ਨੂੰ ਝੁਕਾਇਏ।

73 ਭਾਈ ਨੇਵਿਲ, ਤੁਸੀਂ ਪ੍ਰਾਰਥਨਾ ਦੇ ਨਾਲ ਇਸਨੂੰ ਖ਼ਤਮ ਕਰੋ। ਪ੍ਰਭੂ ਤੁਹਾਨੂੰ ਆਸ਼ੀਸ਼ ਦੇਵੇ।

**ਮੁਕਾਬਲਾ** PUN62-1231

(The Contest)

ਇਹ ਸੰਦੇਸ਼ ਭਾਈ ਵਿਲਿਅਮ ਮੈਰਿਅਨ ਬ੍ਰਾਨਹਮ ਦੁਆਰਾ, ਮੁੱਖ ਰੂਪ ਵਿੱਚ ਅੰਗ੍ਰੇਜੀ ਵਿੱਚ ਦਿੱਤਾ, ਸੋਮਵਾਰ ਸ਼ਾਮ 31 ਦਿਸੰਬਰ ਸੰਨ 1962 ਨੂੰ ਬ੍ਰਾਨਹਮ ਟੇਬਰਨੇਕਲ ਜੈਫਰਸਨਵਿਲੇ ਇੰਡਿਆਨਾ ਯੂ. ਐਸ. ਏ. ਚੁੰਬਕੀ ਟੇਪ ਰਿਕਾਰਡਿੰਗ ਅਤੇ ਅੰਗ੍ਰੇਜੀ ਵਿੱਚ ਛਾਪਿਆ ਤੇ ਉਲੇਖਿਆ ਹੋਈਆ ਵਿੱਚੋਂ ਲਿਆ ਗਿਆ ਹੈ। ਇਹਦਾ ਪੰਜਾਬੀ ਤਰਜਮਾ ਵੋਈਸ ਔਫ ਗੋਡ ਰਿਕੋਡਿੰਗ ਵੱਲੋਂ ਹੀ ਛਾਪਿਆ ਅਤੇ ਵੰਡਿਆ ਗਿਆ ਹੈ।

PUNJABI

©2021 VGR, ALL RIGHTS RESERVED

VOICE OF GOD RECORDINGS, INDIA OFFICE
19 (NEW NO: 28) SHENOY ROAD, NUNGAMBAKKAM
CHENNAI 600 034, INDIA
044 28274560 • 044 28251791
india@vgroffice.org

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org

# ਕਾਪੀਰਾਈਟ ਨੋਟਿਸ

ਸਾਰੇ ਹੱਕ ਰਾਖਵੇਂ ਹਨ । ਇਹ ਕਿਤਾਬ ਨਿਜੀ ਵਰਤੋਂ ਜਾਂ ਯਿਸੂ ਮਸੀਹ ਦੇ ਸੁਭਸਮਚਾਰ ਦੇ ਪ੍ਰਸਾਰ ਵਾਸਤੇ ਮੁਫ਼ਤ ਵੰਡਣ ਲਈ, ਘਰੇਲੂ ਪ੍ਰਿੰਟਿਰ ਤੇ ਛਾਪੀ ਜਾ ਸਕਦੀ ਹੈ । ਇਹ ਕਿਤਾਬ ਵੋਇਸ ਆਫ ਗੋਡ ਰਿਕਾਰਡਿੰਗਜ® ਵਲੋਂ ਲਿਖਿਤੀ ਇਜਾਜ਼ਤ ਦੇ ਬਿਨਾ ਵੇਚੀ, ਵੱਡੇ ਪੈਮਾਨੇ ਤੇ ਦੁਬਾਰਾ ਛਾਪੀ, ਕਿਸੇ ਵੈਬਸਾਈਟ ਤੇ ਪੋਸਟ, ਕਿਸੇ ਰੀਟਰੀਵਲ ਸਿਸਟਮ ਤੇ ਸਟੋਰ, ਕਿਸੇ ਹੋਰ ਭਾਸ਼ਾ ਵਿੱਚ ਅਨੁਵਾਦ, ਜਾਂ ਪੈਸੇ ਦੀ ਮੰਗ ਲਈ ਨਹੀਂ ਵਰਤੀ ਜਾ ਸਕਦੀ ਹੈ । ਵਧੇਰੇ ਜਾਣਕਾਰੀ ਜਾਂ ਹੋਰ ਉਪਲੱਬਧ ਸਮਗਰੀ ਦੇ ਲਈ, ਕਿਰਪਾ ਕਰੇ ਸੰਪਰਕ ਕਰੋ:

Voice Of God Recordings
P.O. Box 950, Jeffersonville, Indiana 47131 U.S.A.
www.branham.org